






PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 11 ਅਪ੍ਰੈਲ ਤੋਂ 17 ਅਪ੍ਰੈਲ, 2024 | Email :- editor@punjabstar.com, Vo. 20. Issue:1130


# ਵਾਇਰਲ ਹੈਪੇਟਾਈਟਸ ਇਨਫੈਕਸ਼ਨ ਕਾਰਨ ਹਰ ਰੋਜ਼ 3,500 ਲੋਕਾਂ ਦੀ ਮੌਤ




ਜਿਨੇਵਾ (ਪੰਜਾਬ ਸਟਾਰ): ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਮੰਗਲਵਾਰ ਨੂੰ ਕਿਹਾ ਕਿ ਵਾਇਰਲ ਹੈਪੇਟਾਈਟਸ ਕਾਰਨ ਜਾਨ ਗੁਆਉਣ ਵਾਲੇ ਲੋਕਾਂ ਦੀ ਗਿਣਤੀ ਵਧ ਰਹੀ ਹੈ ਅਤੇ ਇਸ ਛੂਤ ਦੀ ਬਿਮਾਰੀ ਨਾਲ ਵਿਸ਼ਵ ਪੱਧਰ 'ਤੇ ਰੋਜ਼ਾਨਾ 3,500 ਅਤੇ ਹਰ ਸਾਲ 13 ਲੱਖ ਲੋਕਾਂ ਦੀ ਮੌਤ ਹੋ ਰਹੀ ਹੈ। 'WHO 2024 ਗਲੋਬਲ ਹੈਪੇਟਾਈਟਸ ਰਿਪੋਰਟ' ਵਿੱਚ ਕਿਹਾ ਗਿਆ ਹੈ ਕਿ 187 ਦੇਸ਼ਾਂ ਦੇ ਨਵੇਂ ਅੰਕੜੇ ਦੱਸਦੇ ਹਨ ਕਿ ਵਾਇਰਲ ਹੈਪੇਟਾਈਟਸ ਕਾਰਨ ਹੋਣ ਵਾਲੀਆਂ ਮੌਤਾਂ ਦੀ ਅਨੁਮਾਨਿਤ ਸੰਖਿਆ 2019 ਵਿੱਚ 11 ਲੱਖ ਤੋਂ ਵੱਧ ਕੇ 2022 ਵਿੱਚ 13 ਲੱਖ ਹੋ ਗਈ ਹੈ। ਰਿਪੋਰਟ ਮੁਤਾਬਕ ਇਨ੍ਹਾਂ ਵਿੱਚੋਂ 83 ਫ਼ੀਸਦੀ ਮੌਤਾਂ ਹੈਪੇਟਾਈਟਸ ਬੀ ਕਾਰਨ ਅਤੇ 17 ਫ਼ੀਸਦੀ ਹੈਪੇਟਾਈਟਸ ਸੀ ਕਾਰਨ ਹੋਈਆਂ ਹਨ। ਵਿਸ਼ਵ ਹੈਪੇਟਾਈਟਸ ਸੰਮੇਲਨ ਵਿਚ ਜਾਰੀ ਕੀਤੀ ਗਈ ਰਿਪੋਰਟ ਵਿਚ ਕਿਹਾ ਗਿਆ ਹੈ, 'ਹੈਪੇਟਾਈਟਸ ਬੀ ਅਤੇ ਸੀ ਦੀ ਲਾਗ ਕਾਰਨ ਵਿਸ਼ਵ ਪੱਧਰ 'ਤੇ ਹਰ ਰੋਜ਼ 3,500 ਲੋਕ ਮਰ ਰਹੇ ਹਨ।" ਹੈਪੇਟਾਈਟਸ ਬੀ ਅਤੇ ਸੀ ਦੀ ਲਾਗ ਦੇ ਲਗਭਗ ਦੋ ਤਿਹਾਈ ਮਾਮਲੇ ਸਮੂਹਿਕ ਤੌਰ 'ਤੇ ਬੰਗਲਾਦੇਸ਼, ਚੀਨ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਨਾਈਜੀਰੀਆ, ਪਾਕਿਸਤਾਨ, ਫਿਲੀਪੀਨਜ਼, ਰੂਸ ਅਤੇ ਵੀਅਤਨਾਮ ਵਿਚ ਹਨ। ਸੰਯੁਕਤ ਰਾਸ਼ਟਰ ਦੀ ਸਿਹਤ ਏਜੰਸੀ ਨੇ ਇੱਕ ਬਿਆਨ ਵਿੱਚ ਕਿਹਾ ਕਿ 2025 ਤੱਕ ਇਨ੍ਹਾਂ 10 ਦੇਸ਼ਾਂ ਵਿੱਚ ਲਾਗ ਦੀ ਰੋਕਥਾਮ, ਨਿਦਾਨ ਅਤੇ ਇਲਾਜ ਤੱਕ ਲੋਕਾਂ ਦੀ ਵਿਆਪਕ ਪਹੁੰਚ ਨੂੰ ਯਕੀਨੀ ਬਣਾਉਣਾ ਅਤੇ ਅਫਰੀਕੀ ਖੇਤਰ ਵਿੱਚ ਇਸ ਦਿਸ਼ਾ ਵਿੱਚ ਯਤਨ ਤੇਜ਼ ਕਰਨਾ ਟਿਕਾਊ ਵਿਕਾਸ ਟੀਚਿਆਂ ਨੂੰ ਪੂਰਾ ਕਰਨ ਲਈ ਵਿਸ਼ਵ ਪ੍ਰਤੀਕਿਰਿਆ ਨੂੰ ਟਰੈਕ 'ਤੇ ਵਾਪਸ ਲਿਆਉਣ ਲਈ ਜ਼ਰੂਰੀ ਹੈ। ਡਬਲਯੂ.ਐੱਚ.ਓ. ਦੇ ਡਾਇਰੈਕਟਰ-ਜਨਰਲ ਡਾ. ਟੇਡਰੋਸ ਅਦਾਨੋਮ ਘੇਬਰੇਅਸਸ ਨੇ ਵੀ ਹੈਪੇਟਾਈਟਸ ਦੇ ਵੱਧ ਰਹੇ ਮਾਮਲਿਆਂ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਇਸ ਨਾਲ ਨਜਿੱਠਣ ਲਈ ਦੇਸ਼ਾਂ ਦੀ ਮਦਦ ਕਰਨ ਦਾ ਵਾਅਦਾ ਕੀਤਾ।

## ਜਿਮ 'ਚ ਅੱਗ ਲੱਗਣ ਕਾਰਨ 5 ਲੋਕਾਂ ਦੀ ਮੌਤ



ਹਾਂਗਕਾਂਗ (ਪੰਜਾਬ ਸਟਾਰ) : ਹਾਂਗਕਾਂਗ 'ਚ ਇਕ ਇਮਾਰਤ 'ਚ ਅੱਗ ਲੱਗਣ ਕਾਰਨ ਘੱਟੋ-ਘੱਟ 4 ਲੋਕਾਂ ਦੀ ਮੌਤ ਹੋ ਗਈ ਅਤੇ 12 ਹੋਰ ਜ਼ਖ਼ਮੀ ਹੋ ਗਏ। ਹਾਂਗਕਾਂਗ 'ਚ ਨਿਊ ਲੱਕੀ ਹਾਊਸ ਨਾਂ ਦੀ ਇਮਾਰਤ 'ਚ ਅੱਗ ਲੱਗ ਗਈ। ਪੁਲਸ ਨੇ ਦੱਸਿਆ ਕਿ ਅਜੇ ਵੀ ਇਮਾਰਤ ਦੇ ਅੰਦਰ ਫਸੇ ਲੋਕ ਉਨ੍ਹਾਂ ਨੂੰ ਮਦਦ ਲਈ ਫੋਨ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸਵੇਰੇ 7.53 'ਤੇ ਅੱਗ ਲੱਗਣ ਦੀ ਸੂਚਨਾ ਮਿਲਣ ਤੋਂ ਬਾਅਦ ਫਾਇਰਫਾਈਟਰ ਮੌਕੇ 'ਤੇ ਪਹੁੰਚ ਗਏ। ਫਾਇਰਫਾਈਟਰਜ਼ ਨੇ ਏਰੀਅਲ ਪੌੜੀਆਂ ਦੀ ਵਰਤੋਂ ਕਰਕੇ ਫਸੇ ਲੋਕਾਂ ਨੂੰ ਬਚਾਇਆ। ਸਾਊਥ ਚਾਈਨਾ ਮਾਰਨਿੰਗ ਪੋਸਟ ਸਮੇਤ ਸਥਾਨਕ ਮੀਡੀਆ ਨੇ ਦੱਸਿਆ ਕਿ ਇਮਾਰਤ ਦੀ ਪਹਿਲੀ ਮੰਜ਼ਿਲ 'ਤੇ ਇਕ ਜਿਮ 'ਚ ਅੱਗ ਲੱਗੀ ਸੀ, ਜਿਸ 'ਤੇ ਕਾਬੂ ਪਾ ਲਿਆ ਗਿਆ ਹੈ।

# ਕਨੇਡਾ 'ਚ ਗੁਰੂ ਘਰ ਦੇ ਪ੍ਰਧਾਨ ਦਾ ਦਿਨ-ਦਿਹਾੜੇ ਕਤਲ

## ਗੋਲੀਆਂ ਨਾਲ ਕੰਬਿਆ ਸਾਰਾ ਇਲਾਕਾ



ਐਡਮਿੰਟਨ (ਪੰਜਾਬ ਸਟਾਰ) : ਕਨੇਡਾ ਵਿੱਚ ਇੱਕ ਵਾਰ ਫਿਰ ਗੋਲੀਬਾਰੀ ਦੀ ਘਟਨਾ ਸਾਹਮਣੇ ਆਈ ਹੈ। ਕੈਨੇਡਾ ਦੇ ਸਾਊਥ ਐਡਮਿੰਟਨ 'ਚ ਕੰਮ ਵਾਲੀ ਥਾਂ 'ਤੇ ਦਿਨ-ਦਿਹਾੜੇ ਹੋਈ ਗੋਲੀਬਾਰੀ 'ਚ ਦੋ ਲੋਕਾਂ ਦੀ ਮੌਤ ਹੋ ਗਈ ਅਤੇ ਇਕ ਹੋਰ ਗੰਭੀਰ ਰੂਪ ਨਾਲ ਜ਼ਖਮੀ ਹੋ ਗਿਆ। ਗਿੱਲ ਬਿਲਟ ਹੋਮਜ਼ ਲਿਮਟਿਡ ਦਾ ਮਾਲਕ ਬੂਟਾ ਸਿੰਘ ਗਿੱਲ ਸੋਮਵਾਰ ਨੂੰ ਐਡਮਿੰਟਨ ਵਿੱਚ ਗੋਲੀ ਮਾਰ ਕੇ ਮਾਰੇ ਗਏ ਦੋ ਵਿਅਕਤੀਆਂ ਵਿੱਚੋ ਇੱਕ ਸੀ। ਰਿਪੋਰਟ ਮੁਤਾਬਕ ਰੇਡੀਓ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਮਨਿੰਦਰ ਸਿੰਘ ਗਿੱਲ ਨੇ ਦੱਸਿਆ ਕਿ ਸਰਬਜੀਤ ਸਿੰਘ, ਇੱਕ ਸਿਵਲ ਇੰਜੀਨੀਅਰ, ਜਿਸ ਨੂੰ ਘਟਨਾ ਵਿੱਚ ਗੋਲੀ ਮਾਰ ਦਿੱਤੀ ਗਈ ਸੀ, ਕਥਿਤ ਤੌਰ 'ਤੇ ਆਪਣੀ ਜ਼ਿੰਦਗੀ ਲਈ ਲੜ ਰਿਹਾ ਹੈ। ਪੰਜਾਬੀ ਮੂਲ ਦਾ ਬੂਟਾ ਸਿੰਘ ਗਿੱਲ ਗੁਰੂ ਨਾਨਕ ਸਿੱਖ ਗੁਰਦੁਆਰੇ ਦਾ ਮੁੱਖ ਬਿਲਡਰ ਤੇ ਪ੍ਰਧਾਨ ਸੀ। ਮਨਿੰਦਰ ਗਿੱਲ ਨੇ ਦੱਸਿਆ ਕਿ ਮੁਢਲੀਆਂ ਰਿਪੋਰਟਾਂ ਮੁਤਾਬਕ ਜਦੋਂ ਝਗੜਾ ਹੋਇਆ ਤਾਂ ਉਸਾਰੀ ਵਾਲੀ ਥਾਂ 'ਤੇ ਤਿੰਨ ਵਿਅਕਤੀ ਮੌਜੂਦ ਸਨ, ਇਸ ਵਿੱਚ ਇੱਕ ਭਾਰਤੀ ਮੂਲ ਦੇ ਉਸਾਰੀ ਮਜ਼ਦੂਰ ਨੇ ਕਥਿਤ ਤੌਰ 'ਤੇ ਗਿੱਲ ਅਤੇ ਸਿੰਘ ਦੋਵਾਂ ਨੂੰ ਗੋਲੀ ਮਾਰ ਕੇ ਆਪਣੀ ਵੀ ਜਾਨ ਲੈ ਲਈ। ਹਾਲਾਂਕਿ ਝਗੜੇ ਦਾ ਕਾਰਨ ਸਪੱਸ਼ਟ ਨਹੀਂ ਹੈ ਪਰ ਜਾਂਚ ਜਾਰੀ ਹੈ।

ਐਡਮਿੰਟਨ ਜਰਨਲ ਨੇ ਰਿਪੋਰਟ ਦਿੱਤੀ ਕਿ ਅਧਿਕਾਰੀਆਂ ਨੂੰ ਦੁਪਹਿਰ ਦੇ ਕਰੀਬ ਕੈਵਨਾਗ ਬੁਲੇਵਾਰਡ ਅਤੇ 30 ਐਵੇਨਿਊ ਐਸਡਬਲਯੂ ਵਿਖੇ ਘਟਨਾ ਵਾਲੀ ਥਾਂ 'ਤੇ ਬੁਲਾਇਆ ਗਿਆ ਸੀ। ਇੱਕ ਰਿਹਾਇਸ਼ੀ ਉਸਾਰੀ ਵਾਲੀ ਥਾਂ ਤੋਂ ਦੋ ਲਾਸ਼ਾਂ ਮਿਲੀਆਂ ਹਨ। ਪਤਾ ਲੱਗਾ ਹੈ ਕਿ ਬੂਟਾ ਸਿੰਘ ਗਿੱਲ ਨੇ ਇਸ ਤੋਂ ਪਹਿਲਾਂ ਵੀ 2-3 ਵਾਰ ਪੁਲਿਸ ਕੋਲ ਜਬਰੀ ਕਾਲਾਂ ਅਤੇ ਧਮਕੀਆਂ ਮਿਲਣ ਦੀ ਸ਼ਿਕਾਇਤ ਦਰਜ ਕਰਵਾਈ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਐਡਮਿੰਟਨ ਵਿੱਚ ਹੋਰ ਬਿਲਡਰਾਂ ਨੂੰ ਧਮਕੀਆਂ ਮਿਲਣ ਅਤੇ ਨਵੇਂ ਬਣੇ ਘਰਾਂ ਨੂੰ ਅੱਗ ਲਾਉਣ ਦੀਆਂ ਰਿਪੋਰਟਾਂ ਹਨ।

# ਕੰਜ਼ਰਵੇਟਿਵ ਨੇਤਾ ਪੀਅਰ ਪੌਲੀਏਵ ਨੇ ਕੀਤੀ ਓਨਟਾਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਦੇ ਮੈਂਬਰਜ਼ ਨਾਲ ਮਿਲਣੀ



ਸਟਾਰ ਨਿਊਜ਼:- ਕੰਜ਼ਰਵਟਿਵ ਨੇਤਾ ਪੀਅਰ ਪੌਲੀਏਵ ਨੇ ਬੀਤੇ ਦਿਨੀ ਉਨਟਾਰੀਓ ਦੇ ਗੁਰਦੁਆਰਿਆਂ ਦੀ ਨੁਮਾਇੰਦਗੀ ਕਰਨ ਵਾਲੀ ਸਿਰਮੌਰ ਸੰਸਥਾ ਓਨਟਾਰੀਓ ਸਿੱਖਸ ਐਂਡ ਗੁਰਦੁਆਰਾ ਕੌਂਸਲ ਨੇ ਮੈਂਬਰਜ਼ ਨਾਲ ਇੱਕ ਮਿਲਣੀ ਕੀਤੀ। ਇਸ ਮਿਲਣੀ ਵਿੱਚ ਕੌਂਸਲ ਦੇ ਚੇਅਰਪਰਸਨ ਉਂਕਾਰ ਸਿੰਘ ਗਰੇਵਾਲ, ਵਾਈਸ-ਚੇਅਰ ਜਸਬੀਰ ਸਿੰਘ ਜੈਸਵਾਲ, ਸਕੱਤਰ ਇੰਦਰਦੀਪ ਸਿੰਘ, ਸਹਿ ਸਕੱਤਰ ਅਜਮੇਰ ਸਿੰਘ, ਖ਼ਜਾਨਚੀ ਰਣਜੀਤ ਸਿੰਘ ਸੰਧੂ, ਡਾਇਰੈਕਟਰ ਰਮਨਜੀਤ ਕੌਰ, ਅਡਵਾਈਜ਼ਰ ਮਨਜੀਤ ਸਿੰਘ ਪਰਮਾਰ ਅਤੇ ਕੋ-ਆਰਡੀਨੇਟਰ ਬਲਜੀਤ ਸਿੰਘ ਪੰਡੋਰੀ ਸ਼ਾਮਿਲ ਸਨ, ਕੰਜ਼ਰਵਟਿਵ ਪਾਰਟੀ ਵੱਲੋਂ ਪੀਅਰ ਪੌਲੀਏਵ ਦੇ ਨਾਲ ਸਾਂਸਦ ਅਤੇ ਡਿਪਟੀ ਲੀਡਰ ਟਿੰਮ ਉੱਪਲ, ਫਾਈਨੈਂਸ ਕ੍ਰਿਟਿਕ ਜਸਰਾਜ ਹੱਲਣ, ਚੇਅਰ ਆਊਟਰੀਚ ਅਰਪਨ ਖੰਨਾ ਅਤੇ ਮਿਲਟਨ ਤੋਂ ਕੰਜ਼ਰਵੇਟਿਵ ਦੇ ਉਮੀਦਵਾਰ ਪਰਮ ਗਿੱਲ ਹਾਜ਼ਰ ਸਨ। ਇਹ ਮਿਲਣੀ ਕੰਜ਼ਰਵਟਿਵ ਪਾਰਟੀ ਦੀ ਨੈਸ਼ਨਲ ਆਊਟਰੀਚ ਐਡਵਾਈਜ਼ਰੀ ਕੌਂਸਲ ਦੇ ਵਾਈਸ-ਚੇਅਰ ਸ਼ਮਸ਼ੇਰ ਗਿੱਲ ਦੇ ਸਹਿਯੋਗ ਨਾਲ ਸੰਭਵ ਹੋਈ। ਮਿਲਣੀ ਵਿੱਚ ਕਈ ਅਹਿਮ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਕੌਂਸਲ ਮੈਂਬਰਾਂ ਵੱਲੋਂ ਕੰਜ਼ਰਵੇਟਿਵ ਲੀਡਰ ਪੌਲੀਏਵ ਨਾਲ ਅੰਤਰਰਾਸ਼ਟਰੀ ਵਿੱਦਿਆਰੀਆਂ ਦਾ ਮੁੱਦਾ ਵਿਸ਼ੇਸ਼ ਤੌਰ ਤੇ ਵਿਚਾਰਿਆ ਗਿਆ ਕਿ ਕਿਵੇਂ ਕੈਨੇਡਾ ਆਉਣ ਤੋਂ ਬਾਅਦ ਅੰਤਰਰਾਸ਼ਟਰੀ ਵਿੱਦਿਆਰਥੀ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਹਨ ਕਿਵੇਂ ਇਨ੍ਹਾਂ ਵਿੱਦਿਆਰਥੀਆਂ ਨੂੰ ਕਿਰਾਏ 'ਤੇ ਘਰ ਲੈਣ ਵਿੱਚ ਦਿੱਕਤ ਆ ਰਹੀ ਹੈ। ਆਰਥਿਕ ਮੰਦਹਾਲੀ ਦੇ ਚਲਦਿਆਂ ਕੰਮ ਨਹੀਂ ਮਿਲ ਰਹੇ ਅਤੇ ਬਹੁਤ ਸਾਰੇ ਵਿੱਦਿਆਰੀ ਤਾਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਵੀ ਅਸਮੱਰਥ ਹਨ। ਕੌਂਸਲ ਮੈਂਬਰਜ਼ ਨੇ ਧਾਰਮਿਕ ਪ੍ਰਚਾਰਕਾਂ ਨੂੰ ਵੀਜ਼ਾ ਸਬੰਧੀ ਆ ਰਹੀਆਂ ਮੁਸ਼ਕਿਲਾਂ ਦਾ ਮੁੱਦਾ ਵੀ ਵਿਚਾਰਿਆ ਗਿਆ। ਇਸ ਤੋਂ ਇਲਾਵਾ ਕੈਨੇਡਾ ਦੀ ਧਰਤੀ 'ਤੇ ਕੈਨੇਡੀਅਨ ਸਿਟੀਜ਼ਨ ਨੂੰ ਮਾਰਨਾ ਅਤੇ ਜਿਸ ਦੇ ਕਾਤਲ ਅਜੇ ਤੱਕ ਫੜ੍ਹੇ ਨਹੀਂ ਗਏ ਅਤੇ ਜਿਹੜੇ ਹੁਣ ਤੱਕ ਜੇਲ੍ਹ ਵਿੱਚ ਹੋਣੇ ਚਾਹੀਦੇ ਸਨ ਸਬੰਧੀ ਆਪਣੇ ਵਿਚਾਰ ਕੌਂਸਲ ਮੈਂਬਰਜ਼ ਨੇ ਲੀਡਰ ਨਾਲ ਸਾਂਝੇ ਕੀਤੇ, ਕੈਨੇਡਾ ਵਿੱਚ ਕੈਨੇਡੀਅਨ ਸਿਟੀਜ਼ਨਾਂ ਨੂੰ ਧਮਕੀਆਂ ਦੇਣਾ ਆਦਿ ਅਤਿ ਸੰਵੇਦਨਸ਼ੀਲ ਮੁੱਦਾ ਵੀ ਪਾਰਟੀ ਲੀਡਰ ਨਾਲ ਵਿਚਾਰਿਆ ਗਿਆ। ਪੀਅਰ ਪੌਲੀਏਵ ਨੇ ਆਪਣੇ ਵੱਲੋ ਇਨ੍ਹਾਂ ਸਾਰੇ ਮੁੱਦਿਆਂ 'ਤੇ ਪੂਰਨ ਸਹਿਯੋਗ ਦੀ ਗੱਲ ਕਹੀ ਅਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀ ਮਿਲਣੀ ਦੀ ਆਸ ਕੀਤੀ।


## ਤਾਮਿਲਨਾਡੂ 'ਚ ਵਾਪਰਿਆ ਭਿਆਨਕ ਹਾਦਸਾ

# ਪਰਿਵਾਰ ਦੇ 4 ਜੀਆਂ ਸਣੇ 5 ਲੋਕਾਂ ਦੀ ਦਰਦਨਾਕ ਮੌਤ




ਮਦੁਰੈ, (ਪੰਜਾਬ ਸਟਾਰ) ਤਾਮਿਲਨਾਡੂ ਦੇ ਵਿਰੁਧੁਨਗਰ-ਮਦੁਰੈ ਚਾਰ ਲੈਨ ਨੈਸ਼ਨਲ ਹਾਈਵੇ 'ਤੇ ਤਿਰੁਮੰਗਲਮ ਨੇੜੇ ਸੜਕ ਦੁਰਘਟਨਾ 'ਚ ਇਕ ਹੀ ਪਰਿਵਾਰ ਦੇ 4 ਜੀਆਂ ਸਮੇਤ 5 ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਸ ਸੂਤਰਾਂ ਨੇ ਬੁੱਧਵਾਰ ਨੂੰ ਦੱਸਿਆ ਕਿ ਇਹ ਘਟਨਾ ਉਸ ਸਮੇਂ ਵਾਪਰੀ ਜਦੋ ਕਾਰ 'ਚ ਸਵਾਰ ਲੋਕ ਮੰਦਰ 'ਚ ਪੂਜਾ ਕਰਨ ਤੋ ਬਾਅਦ ਘਰ ਪਰਤ ਰਹੇ ਸਨ। ਉਸੇ ਦੌਰਾਨ ਤੇਜ਼ ਰਫ਼ਤਾਰ ਵਾਹਨ ਨੇ ਇਕ ਦੋਪਹੀਆ ਵਾਹਨ ਨੂੰ ਜ਼ਬਰਦਸਤ ਟੱਕਰ ਮਾਰ ਦਿੱਤੀ, ਜਿਸਤੋ ਬਾਅਦ ਉਲਟ ਦਿਸ਼ਾ ਤੋ ਸਿਵਾਰਾਕੋਟਈ ਰੋਡ ਕਾਰ ਪਲਟਈਆਂ ਖਾਂਦੀ ਹੋਈ ਦੁਰਘਟਨਾਗ੍ਰਸਤ ਹੋ ਗਈ। ਪੁਲਿਸ ਨੇ ਦੱਸਿਆ ਕਿ ਮ੍ਰਿਤਕਾਂ ਨੂੰ ਪਛਾਣ ਆਰ. ਕਨਾਗਵੇਲ (62), ਉਨ੍ਹਾਂ ਦੀ ਪਤਨੀ ਕ੍ਰਿਸ਼ਨਾ ਕੁਮਾਰੀ (51), ਨੂੰਹ ਐੱਮ. ਨਾਗਜੋਥੀ (28), ਉਸਦੀ ਧੀ ਸ਼ਿਵਾ ਅਥਮਿਕਾ (8) ਅਤੇ ਦੋਪਹੀਆ ਵਾਹਨ ਚਾਲਕ ਪੰਡੀ (52) ਦੇ ਰੂਪ 'ਚ ਹੋਈ ਹੈ। ਕਾਰ ਸਵਾਰ ਹੋਰ 5 ਲੋਕ ਜ਼ਖ਼ਮੀ ਹੋ ਗਏ, ਉਨ੍ਹਾਂ ਨੂੰ ਮਦੁਰੈ ਦੇ ਸਰਕਾਰੀ ਰਾਜਾਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਜ਼ਖ਼ਮੀਆਂ 'ਚ ਨਾਗਜੋਸ਼ੀ ਦੀ ਜੁੜਵਾ ਧੀ ਸ਼ਿਵਾ ਸ਼੍ਰੀ (8), ਪੁੱਤਰ ਸ਼ਿਵਾ ਅਧਿੱਤਿਆ (5), ਪਿਤਾ ਕੇ. ਮਣੀਕੰਦਨ, ਰਤਨਾਸਾਮੀ (64), ਮੀਨਾ (55) ਹਨ। ਪੁਲਸ ਨੇ ਕੱਲੀਕੁਡੀ ਥਾਣੇ 'ਚ ਮਾਮਲਾ ਦਰਜ ਕਰ ਲਿਆ ਹੈ।

# ਕਨੇਡਾ ਦੀ ਪਾਰਲੀਮੈਂਟ ਹਿਲ ਓਟਾਵਾ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ



ਓਟਵਾ (ਸੇਖਾ): ਬੀਤੇ ਦਿਨ ਕੈਨੇਡਾ ਵਿਚ ਸਿੱਖ ਵਿਰਾਸਤੀ ਮਹੀਨੇ ਦੇ ਸਬੰਧ ਵਿਚ ਪਾਰਲੀਮੈਂਟ ਹਿੱਲ ਓਟਵਾ ਵਿਖੇ ਵਿਸਾਖੀ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਪਾਰਲੀਮੈਂਟ ਬਿਲਡਿੰਗ ਵਿਚ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਪ੍ਰਧਾਨ ਮੰਤਰੀ ਜਸ਼ਟਿਨ ਟਰੂਡੋ ਤੇ ਕੈਨੇਡਾ ਸਰਕਾਰ ਦੇ ਸੀਨੀਅਰ ਮੰਤਰੀ, ਸਿੱਖ ਐਮ ਪੀ ਅਤੇ ਹੋਰ ਉਘੀਆਂ ਹਸਤੀਆਂ ਹਾਜ਼ਰ ਸਨ। ਟੋਰਾਂਟੋ ਤੋ ਬਲਜਿੰਦਰ ਸੇਖਾ ਵੱਲੋ ਤਿਆਰ ਕੀਤਾ ਸਿੱਖ ਹੈਰੀਟੇਜ ਮੰਥ ਬਟਨ ਸੰਗਤਾਂ ਵਲੋ ਲਗਾਇਆ ਗਿਆ । ਇਸ ਮੌਕੇ ਪ੍ਰਧਾਨ ਮੰਤਰੀ ਵਲੋ ਇਕ ਸੰਦੇਸ਼ ਰਾਹੀ ਸਿੱਖ ਜਗਤ ਨੂੰ ਖਾਲਸਾ ਪੰਥ ਦੇ ਸਾਜਨਾ ਦਿਵਸ ਦੀ ਵਧਾਈ ਦਿੱਤੀ।





**ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ**
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

**Canada Consumer Credit Assistance** ਕਰਜ਼ਾ ਰਹਿਤ ਜ਼ਿੰਦਗੀ ਜੀਓ



- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
**ਹੁਣੇ ਹੀ ਕਾਲ ਕਰੋ**
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
416-502-3100
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

**A-One Truck & Trailer Repair**
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
ਵਾਜ਼ਬ ਕੀਮਤ ਵਧੀਆ ਸਰਵਿਸ
647-808-9569, 416-388-1605
1246 Aimco Blvd, Mississauga, ON L4W 1B2



**Gill Tire Centre**
ਟਰੱਕਾਂ ਦੇ ਟਾਇਰ ਵਾਜ਼ਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605



Harjit Brar
Sales Representative
416-417-6010

**FOR ALL YOUR REAL ESTATE NEEDS**
ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ



HOMELIFE HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

## ਹੰਬੋਲਟ ਬੱਸ ਹਾਦਸੇ ਦੌਰਾਨ 16 ਜਣਿਆਂ ਨੇ ਗਵਾਈ ਸੀ ਜਾਨ

# ਜਸਕੀਰਤ ਸਿੱਧੂ ਦੀ ਕਿਸਮਤ ਦਾ ਫ਼ੈਸਲਾ 24 ਮਈ ਨੂੰ



ਕੈਲਗਰੀ : ਹੰਬੋਲਟ ਬੱਸ ਹਾਦਸੇ ਦੇ ਦੋਸ਼ੀ ਪੰਜਾਬੀ ਟਰੱਕ ਡਰਾਈਵਰ ਦੀ ਕਿਸਮਤ ਦਾ ਫੈਸਲਾ 24 ਮਈ ਨੂੰ ਹੋਵੇਗਾ। ਜਸਕੀਰਤ ਸਿੱਧੂ ਦੇ ਵਕੀਲ ਮਾਈਕਲ ਗਰੀਨ ਨੇ ਦੱਸਿਆ ਕਿ ਡਿਪੋਰਟੇਸ਼ਨ ਦੀ ਸੁਣਵਾਈ ਕੁਝ ਮਿੰਟਾਂ ਵਿਚ ਹੀ ਖਤਮ ਹੋ ਜਾਂਦੀ ਹੈ ਅਤੇ ਉਨ੍ਹਾਂ ਦੇ ਮੁਵੱਕਲ ਨੂੰ ਤਾਂ ਪਹਿਲਾਂ ਹੀ ਦੋਸ਼ੀ ਕਰਾਰ ਦਿਤਾ ਜਾ ਚੁੱਕਾ ਹੈ ਜਿਸ ਦੇ ਮੱਦੇਨਜ਼ਰ ਜਿਰ੍ਹਾ ਕਰਨ ਦੀ ਕੋਈ ਤੁਕ ਨਹੀ ਬਣਦੀ। ਮਾਈਕਲ ਗਰੀਨ ਦਾ ਕਹਿਣਾ ਸੀ ਕਿ ਜਸਕੀਰਤ ਸਿੱਧੂ ਕੈਨੇਡੀਅਨ ਸਿਟੀਜ਼ਨ ਨਹੀਂ ਅਤੇ ਇਸੇ ਆਧਾਰ 'ਤੇ ਫੈਸਲਾ ਨਾਂਹਪੱਖੀ ਹੋਣ ਦੇ ਆਸਾਰ ਹਨ ਪਰ ਉਨ੍ਹਾਂ ਨਾਲ ਹੀ ਕਿਹਾ ਕਿ ਇਥੋਂ ਹੀ ਅਸਲ ਸੰਘਰਸ਼ ਸ਼ੁਰੂ ਹੋਵੇਗਾ। ਜਸਕੀਰਤ ਸਿੱਧੂ ਦੀ ਪੀ.ਆਰ. ਰੱਦ ਕਰਨ ਦਾ ਹੁਕਮ ਆਉਂਦਾ ਹੈ ਤਾਂ ਉਹ ਮਨੁੱਖੀ ਆਧਾਰ 'ਤੇ ਕੈਨੇਡਾ ਵਿਚ ਰਹਿਣ ਦੀ ਅਰਜ਼ੀ ਦਾਇਰ ਕਰ ਸਕਦਾ ਹੈ। ਅਰਜ਼ੀ ਦਾ ਫੈਸਲਾ ਕਦੋਂ ਆਵੇਗਾ, ਇਸ ਬਾਰੇ ਕਹਿਣਾ ਮੁਸ਼ਕਲ ਹੈ। ਕੁਝ ਮਹੀਨੇ ਵੀ ਲੱਗ ਸਕਦੇ ਹਨ ਜਾਂ ਕੁਝ ਸਾਲ ਵੀ ਲੱਗ ਸਕਦੇ ਹਨ। ਮਾਈਕਲ ਗਰੀਨ ਨੇ ਅੱਗੇ ਦੱਸਿਆ ਕਿ ਜਦੋਂ ਇਕ ਸ਼ਖਸ ਨੂੰ ਡਿਪੋਰਟ ਕਰਨ ਦੇ ਹੁਕਮ ਜਾਰੀ ਹੁੰਦੇ ਹਨ ਤਾਂ ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ ਕੀਤੀ ਜਾਂਦੀ ਹੈ ਜਿਸ ਵਿਚ ਕੁਝ ਮਹੀਨੇ ਲਗਦੇ ਹਨ। ਇਸ ਤੋਂ ਇਲਾਵਾ ਜਸਕੀਰਤ ਸਿੱਧੂ ਫੈਸਲੇ ਨੂੰ ਟਾਲਣ ਦੀ ਗੁਜ਼ਾਰਿਸ਼ ਵੀ ਕਰ ਸਕਦਾ ਹੈ। ਮਾਈਕਲ ਗਰੀਨ ਨੇ ਸਪੱਸ਼ਟ ਲਹਿਜ਼ੇ ਵਿਚ ਆਖਿਆ ਕਿ ਇਨਸਾਫ ਦੀ ਪ੍ਰਕਿਰਿਆ ਕਈ ਵਾਰ ਸੁਸਤ ਰਫਤਾਰ ਨਾਲ ਅੱਗੇ ਵਧਦੀ ਹੈ ਅਤੇ ਇਸ ਮਾਮਲੇ ਵਿਚ ਪਿਛਲੇ ਛੇ ਸਾਲ ਤੋਂ ਜਾਰੀ ਹੈ। ਅਸੀਂ ਉਮੀਦ ਨਹੀਂ ਛੱਡੀ ਪਰ ਦੋਸ਼ੀ ਕਰਾਰ ਦਿਤੇ ਜਾਣ ਕਰ ਕੇ ਹੋਏ ਨੁਕਸਾਨ ਨੂੰ ਘਟਾਇਆ ਨਹੀ ਜਾ ਸਕਦਾ। ਜਸਕੀਰਤ ਸਿੱਧੂ ਨੂੰ ਕਮਿਊਨਿਟੀ ਦਾ ਡਟਵਾਂ ਸਾਥ ਮਿਲ ਰਿਹਾ ਹੈ ਪਰ ਕੁਝ ਲੋਕ ਅਜਿਹੇ ਵੀ ਹਨ ਜੋ ਉਸ ਦਾ ਵਿਰੋਧ ਕਰ ਰਹੇ ਹਨ ਅਤੇ ਮੁਆਫ ਕਰਨ ਵਾਸਤੇ ਰਾਜ਼ੀ ਨਹੀਂ। ਇਥੇ ਦਸਣਾ ਬਣਦਾ ਹੈ ਕਿ 2018 ਵਿਚ ਸਸਕੈਚਵਨ ਦੇ ਇਕ ਹਾਈਵੇਅ 'ਤੇ ਜੂਨੀਅਰ ਹਾਕੀ ਟੀਮ ਨੂੰ ਲਿਜਾ ਰਹੀ ਬੱਸ ਅਤੇ ਟਰੱਕ ਵਿਚਾਲੇ ਹੋਈ ਟੱਕਰ ਦੌਰਾਨ 16 ਜਣਿਆਂ ਦੀ ਮੌਤ ਹੋ ਗਈ ਸੀ। ਹਾਦਸਾ ਇਕ ਇੰਟਰਸੈਕਸ਼ਨ 'ਤੇ ਵਾਪਰਿਆ ਜਿਥੇ ਇਕ ਸੜਕ 'ਤੇ ਜਾ ਰਹੀ ਬੱਸ ਨੂੰ ਦੂਜੀ ਸੜਕ ਤੋਂ ਆ ਰਹੇ ਟਰੱਕ ਨੇ ਚੌਕ ਦੇ ਐਨ ਵਿਚਕਾਰ ਟੱਕਰ ਮਾਰੀ। ਜਸਕੀਰਤ ਸਿੱਧੂ ਨੇ ਖਤਰਨਾਕ ਡਰਾਈਵਿੰਗ ਦੇ ਦੋਸ਼ ਕਬੂਲ ਕਰ ਲਏ ਅਤੇ ਉਸ ਨੂੰ ਅੱਠ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਪਿਛਲੇ ਸਾਲ ਜਸਕੀਰਤ ਸਿੱਧੂ ਪੈਰੋਲ 'ਤੇ ਜੇਲ ਤੋਂ ਬਾਹਰ ਆ ਗਿਆ।

## ਮੈਂ ਕਿਹੜਾ ਬਾਪੂ ਤੋਂ ਘੱਟ ਆ....

# ਸੁੱਚਾ ਸਿੰਘ ਲੰਗਾਹ ਦਾ ਪੁੱਤਰ ਨਸ਼ੇ 'ਚ ਧੁੱਤ ਨਸ਼ੇ ਸਮੇਤ ਕਾਬੂ



ਬਲਬੀਰ ਸਿੰਘ ਬੱਬੀ

ਸਾਡੇ ਪੰਜਾਬ ਨਾਲ ਜੁੜੇ ਸਿਆਸਤਦਾਨਾਂ ਦੀਆਂ ਅਨੇਕਾਂ ਖਬਰਾਂ ਇਹੋ ਜਿਹੀਆਂ ਸਾਹਮਣੇ ਆਉਂਦੀਆਂ ਹਨ ਜਿਨਾਂ ਨੂੰ ਪੜ੍ਹ ਕੇ ਸ਼ਰਮਸ਼ਾਰ ਹੋ ਜਾਈਦਾ ਹੈ। ਸਭ ਨੂੰ ਯਾਦ ਹੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਿੱਚ ਮੰਤਰੀ ਰਹੇ ਤੇ ਗੁਰਦਾਸਪੁਰ ਨਾਲ ਸੰਬੰਧਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸੁੱਚਾ ਸਿੰਘ ਲੰਗਾਹ ਜਿਸ ਉਪਰ ਅਨੇਕਾਂ ਤਰ੍ਹਾਂ ਦੇ ਇਲਜ਼ਾਮ ਲੱਗੇ ਪਰ ਉਸ ਵੇਲੇ ਤਾਂ ਹੱਦ ਹੀ ਹੋ ਗਈ ਸੀ ਜਦੋਂ ਉਹਨਾਂ ਦੀ ਇੱਕ ਅਸ਼ਲੀਲ ਵੀਡੀਓ ਸਾਹਮਣੇ ਆਈ ਸੀ।

ਇਸੇ ਸੁੱਚਾ ਸਿੰਘ ਲੰਗਾਹ ਦੇ ਪੁੱਤਰ ਨੇ ਆਪਣੇ ਪਿਤਾ ਨਾਲੋਂ ਵੀ ਉੱਪਰ ਜਾਂਦਿਆਂ ਨਵਾਂ ਚੰਦ ਚਾੜਿਆ ਹੈ। ਅੱਜ ਸਵੇਰ ਵੇਲੇ ਹੀ ਇਹ ਖਬਰਾਂ ਸਾਹਮਣੇ ਆਈਆਂ ਕਿ ਪ੍ਰਕਾਸ਼ ਸਿੰਘ ਨਾਂ ਦਾ ਨੌਜਵਾਨ ਹਿਮਾਚਲ ਦੇ ਇੱਕ ਪ੍ਰਾਈਵੇਟ ਹੋਟਲ ਵਿੱਚ ਪੁਲਿਸ ਨੇ ਉਸ ਵੇਲੇ ਕਾਬੂ ਕੀਤਾ ਜਦੋਂ ਉਹ ਉਸ ਦੇ ਸਾਥੀ ਤੇ ਲੜਕੀ ਸਮੇਤ ਨਸ਼ੇ ਵਿੱਚ ਧੁੱਤ ਸਨ ਜਿਨਾਂ ਨੂੰ ਆਪਣੀ ਸੁੱਧ ਬੁੱਧ ਵੀ ਨਹੀਂ ਸੀ ਹੋਟਲ ਵਾਲਿਆਂ ਨੇ ਅਜਿਹੇ ਸਥਿਤੀ ਵਿੱਚ ਪੁਲਿਸ ਨਾਲ ਸੰਪਰਕ ਕੀਤਾ ਤਾਂ ਪੁਲਿਸ ਨੇ ਆ ਕੇ ਦੇਖਿਆ ਤਾਂ ਇਹਨਾਂ ਨੇ ਦੱਸਿਆ ਕਿ ਮੈਂ ਪ੍ਰਕਾਸ਼ ਸਿੰਘ ਲੰਗਾਹ ਹਾਂ ਆਪਣੇ ਚਾਰ ਸਾਥੀਆਂ ਤੇ ਇੱਕ ਲੜਕੀ ਸਮੇਤ ਨਸ਼ੇ ਦਾ ਸੇਵਨ ਕਰਕੇ ਬੇਸੁੱਧ ਹੋਏ ਪਏ ਸਨ ਤੇ ਉਹਨਾਂ ਦੇ ਕੋਲੋਂ ਮੌਕੇ ਉੱਤੇ ਨਸ਼ੀਲਾ ਪਦਾਰਥ ਵੀ ਕਾਬੂ ਕੀਤਾ ਗਿਆ। ਪੁਲਿਸ ਅਨੁਸਾਰ ਜਿਹੜੇ ਅਜਿਹੇ ਨੌਜਵਾਨ ਪੰਜਾਬ ਤੋਂ ਅਕਸਰ ਹਿਮਾਚਲ ਵਿੱਚ ਘੁੰਮਣ ਆਉਂਦੇ ਹਨ ਉਹਨਾਂ ਉੱਤੇ ਕਰੜੀ ਨਿਗਾਹ ਪੁਲਿਸ ਵੱਲੋਂ ਰੱਖੀ ਜਾਂਦੀ ਹੈ ਕਿਉਂਕਿ ਨਸ਼ਿਆਂ ਦਾ ਜੋ ਮਾਮਲਾ ਇਸ ਵੇਲੇ ਪੰਜਾਬ ਵਿੱਚ ਹੈ ਉਹ ਸਭ ਨੂੰ ਹੀ ਪਤਾ ਹੈ ਹੁਣ ਅਜਿਹੀ ਸਥਿਤੀ ਦੇ ਵਿੱਚ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾਵੇਗੀ।

ਖੈਰ ਕੁਝ ਵੀ ਹੋਵੇ ਨਵੇਂ ਤੋਂ ਨਵੇਂ ਰੂਪ ਵਿੱਚ ਪੰਜਾਬ ਦੇ ਮੱਥੇ ਉੱਤੇ ਨਵਾਂ ਕਲੰਕ ਇਹੋ ਜਿਹੇ ਪੰਜਾਬੀ ਹੀ ਲਗਾ ਰਹੇ ਹਨ।

# ਵਿਦੇਸ਼ੀ ਦਖਲ ਦੀ ਪੜਤਾਲ ਕਰ ਰਹੇ ਕਮਿਸ਼ਨ ਅੱਗੇ ਅੱਜ ਪੇਸ਼ ਹੋਣਗੇ ਜਸਟਿਨ ਟਰੂਡੋ



ਔਟਵਾ, (ਪੰਜਾਬ ਸਟਾਰ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅੱਜ ਵਿਦੇਸ਼ੀ ਦਖਲ ਦੀ ਪੜਤਾਲ ਰਹੇ ਕਮਿਸ਼ਨ ਅੱਗੇ ਪੇਸ਼ ਹੋ ਸਕਦੇ ਹਨ। ਪ੍ਰਧਾਨ ਮੰਤਰੀ ਨਾਲ ਕਈ ਮੰਤਰੀਆਂ ਦੇ ਬਿਆਨ ਵੀ ਦਰਜ ਕੀਤੇ ਜਾਣਗੇ। ਹੁਣ ਤੱਕ ਪੇਸ਼ ਤੱਥਾਂ ਮੁਤਾਬਕ ਚੀਨ ਵੱਲੋਂ ਲੰਘੀਆਂ ਦੋ ਚੋਣਾਂ ਦੌਰਾਨ ਦਖਲ ਦੇਣ ਦੇ ਯਤਨ ਕੀਤੇ ਗਏ। ਟਰੂਡੋ ਨੇ ਪਿਛਲੇ ਸਾਲ ਦਾਅਵਾ ਕੀਤਾ ਸੀ ਕਿ ਵਿਦੇਸ਼ੀ ਦਖਲ ਦੇ ਨਤੀਜੇ ਵਜੋਂ ਕੈਨੇਡੀਅਨ ਚੋਣਾਂ ਦੇ ਆਜ਼ਾਦ ਅਤੇ ਨਿਰਪੱਖ ਹੋਣ 'ਤੇ ਕੋਈ ਅਸਰ ਨਹੀਂ ਪਿਆ। ਤਕਰੀਬਨ ਇਹੀ ਗੱਲਾਂ ਸੀਨੀਅਰ ਸਰਕਾਰ ਅਫਸਰਾਂ ਵੱਲੋਂ ਪਾਰਲੀਮਾਨੀ ਕਮੇਟੀ ਅੱਗੇ ਪੇਸ਼ ਕੀਤੀਆਂ ਗਈਆਂ ਪਰ ਦੂਜੇ ਪਾਸੇ ਸ਼ੱਕ ਦੀ ਸੂਈ ਵਾਰ ਵਾਰ ਚੀਨ ਵੱਲ ਜਾ ਰਹੀ ਹੈ ਅਤੇ ਮੁੱਖ ਚੋਣ ਅਫਸਰ ਸਟੀਫਨ ਪੈਰੋ ਮੰਨ ਚੁੱਕੇ ਹਨ ਕਿ 2019 ਦੀਆਂ ਚੋਣਾਂ ਤੋਂ ਪਹਿਲਾਂ ਉਮੀਦਵਾਰਾਂ ਦੀ ਚੋਣ ਵੇਲੇ ਵਿਦੇਸ਼ੀ ਦਖਲ ਦੀ ਸੂਹ ਮਿਲੀ ਪਰ ਇਸ ਨੂੰ ਰੋਕਣ ਦੀਆਂ ਤਾਕਤਾਂ ਨਾ ਹੋਣ ਕਾਰਨ ਉਹ ਕੁਝ ਨਾ ਕਰ ਸਕੇ।

# ਅਮਰੀਕਾ: ਅਗਵਾ ਹੋਏ ਭਾਰਤੀ ਵਿਦਿਆਰਥੀ ਦੀ ਮਿਲੀ ਲਾਸ਼

## ਗੈਂਗਸਟਰਾਂ ਨੇ ਪਿਤਾ ਤੋਂ ਫੋਨ ਕਰਕੇ ਮੰਗੇ ਸੀ 1200 ਡਾਲਰ



ਨਿਊਯਾਰਕ : ਅਮਰੀਕਾ ਵਿੱਚ ਰਹਿ ਰਿਹਾ ਇੱਕ ਅੰਬੇਡਕਰ ਨਗਰ, ਨਾਚਰ (ਹੈਦਰਾਬਾਦ) ਦੇ ਨਾਲ ਪਿਛੋਕੜ ਰੱਖਣ ਵਾਲੇ ਭਾਰਤੀ ਵਿਦਿਆਰਥੀ ਜੋ 20 ਮਾਰਚ ਤੋ ਲਾਪਤਾ ਸੀ। ਉਸ ਮੌਤ ਹੋ ਗਈ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਸ ਦੇ ਪਰਿਵਾਰ ਤੋਂ ਭਾਰਤ ਚ' 1200 ਡਾਲਰ ਦੀ ਰਕਮ ਦੀ ਮੰਗ ਕੀਤੀ ਗਈ ਸੀ। ਭਾਰਤ ਦੇ ਨਿਊਯਾਰਕ ਕੌਂਸਲੇਟ ਪੁਲਿਸ ਦੀ ਜਾਂਚ ਵਿੱਚ ਪੂਰਾ ਸਹਿਯੋਗ ਕਰ ਰਿਹਾ ਹੈ।ਅਮਰੀਕਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਹਨ। 20 ਮਾਰਚ ਤੋਂ ਲਾਪਤਾ ਭਾਰਤੀ ਨੌਜਵਾਨ ਦੀ ਲਾਸ਼ ਮਿਲੀ ਹੈ। ਪਰਿਵਾਰ ਦਾ ਦੋਸ਼ ਹੈ ਕਿ ਮ੍ਰਿਤਕ ਲੜਕੇ ਦੇ ਪਿਤਾ ਕੋਲੋ 1200 ਡਾਲਰ ਦੀ ਮੰਗ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਇਹ ਵਿਦਿਆਰਥੀ 20 ਮਾਰਚ ਤੋ ਅਮਰੀਕਾ ਤੋ ਲਾਪਤਾ ਸੀ ਅਤੇ ਅੱਜ ਉਸ ਦੀ ਮੌਤ ਦੀ ਖ਼ਬਰ ਸਾਹਮਣੇ ਆਈ ਹੈ। ਭਾਰਤ ਦਾ ਨਿਊਯਾਰਕ ਕੌਂਸਲੇਟ ਪੁਲਿਸ ਜਾਂਚ ਵਿੱਚ ਸਹਿਯੋਗ ਕਰ ਰਿਹਾ ਹੈ ਅਤੇ ਮ੍ਰਿਤਕ ਵਿਦਿਆਰਥੀ ਦੀ ਪਛਾਣ ਮੁਹੰਮਦ ਅਬਦੁਲ ਅਰਾਫਾਤ (25) ਵਜੋਂ ਹੋਈ ਹੈ।ਮ੍ਰਿਤਕ ਮਈ 2023 ਵਿੱਚ ਉੱਚ ਸਿੱਖਿਆ ਲਈ ਅਮਰੀਕਾ ਗਿਆ ਸੀ।ਉਹ ਕਲੀਵਲੈਂਡ ਯੂਨੀਵਰਸਿਟੀ ਓਹੀਓ ਵਿੱਚ ਐਮਐਸ ਦੀ ਪੜਾਈ ਕਰ ਰਿਹਾ ਸੀ।

# ਕਨੇਡਾ 'ਚ ਮੁੜ ਮੰਡਰਾਇਆ ਰੈਫਰੈਂਡਮ ਦਾ ਖਤਰਾ



ਮੌਂਟਰੀਅਲ : ਇੰਮੀਗ੍ਰੇਸ਼ਨ ਦੇ ਮੁੱਦੇ 'ਤੇ ਕੈਨੇਡਾ ਸਰਕਾਰ ਅਤੇ ਕਿਊਬੈਕ ਵਿਚਾਲੇ ਸਿੰਗ ਫਸਦੇ ਨਜ਼ਰ ਆ ਰਹੇ ਹਨ ਅਤੇ ਆਪਣੀ ਜ਼ਰੂਰਤ ਮੁਤਾਬਕ ਕਾਨੂੰਨ ਬਣਾਉਣ ਦੀਆਂ ਤਾਕਤਾਂ ਮੰਗ ਰਹੇ ਪ੍ਰੀਮੀਅਰ ਫਰਾਂਸਵਾ ਲੈਗੋ ਨੇ ਰੈਫਰੈਂਡਮ ਕਰਵਾਉਣ ਦੀ ਚਿਤਾਵਨੀ ਦੇ ਦਿਤੀ ਹੈ। ਕੈਨੇਡਾ ਵਿਚ ਕਈ ਦਹਾਕਿਆਂ ਮਗਰੋ ਰਾਏਸ਼ੁਮਾਰੀ ਦਾ ਮਸਲਾ ਉਠਿਆ ਹੈ ਜਦਕਿ ਹੁਣ ਤੱਕ ਸਿਰਫ ਖਾਲਿਸਤਾਨ ਦੇ ਮਸਲੇ 'ਤੇ ਰੈਫਰੈਂਡਮ ਹੁੰਦੇ ਆ ਰਹੇ ਹਨ। ਸੂਬਾ ਵਿਧਾਨ ਸਭਾ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰਾਂਸਵਾ ਲੈਗੋ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕੀਤੀ ਕਿ ਇੰਮੀਗ੍ਰੇਸ਼ਨ ਬਾਰੇ ਕਿਊਬੈਕ ਵਾਸੀਆਂ ਦੀ ਚਿੰਤਾ ਵੱਲ ਤਵੱਜੋ ਦਿਤੀ ਜਾਵੇ।

ਇੰਮੀਗ੍ਰੇਸ਼ਨ ਤਾਕਤਾਂ ਦੇ ਮੁੱਦੇ 'ਤੇ ਰੈਫਰੈਂਡਮ ਦੀ ਸੰਭਾਵਨਾ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ, "ਮੈਂ ਦੱਸਣਾ ਚਾਹੁੰਦਾ ਹਾਂ ਕਿ ਰੈਫਰੈਂਡਮ ਦੀ ਸੰਭਾਵਨਾ ਤੋ ਇਨਕਾਰ ਨਹੀਂ ਕੀਤਾ ਜਾ ਸਕਦਾ ਪਰ ਜਲਦਬਾਜ਼ੀ ਵਿਚ ਕੋਈ ਕਦਮ ਨਹੀਂ ਉਠਾਇਆ ਜਾਵੇਗਾ।" ਫਰਾਂਸਵਾ ਲੈਗੋ ਨੇ ਮੁੜ ਟਰੂਡੋ ਵੱਲ ਇਸ਼ਾਰਾ ਕਰਦਿਆਂ ਆਖਿਆ, "ਅਸੀ ਪ੍ਰਧਾਨ ਮੰਤਰੀ ਨੂੰ ਸਮਝਾਉਣਾ ਚਾਹੁੰਦੇ ਹਾਂ ਕਿ ਜ਼ਿਆਦਾਤਰ ਕਿਊਬੈਕ ਵਾਸੀ ਸੂਬੇ ਵਿਚ ਆਰਜ਼ੀ ਤੌਰ 'ਤੇ ਰਹਿ ਰਹੇ 5 ਲੱਖ 60 ਹਜ਼ਾਰ ਪ੍ਰਵਾਸੀਆਂ ਤੋ ਤੰਗ ਆ ਚੁੱਕੇ ਹਨ। ਗੱਲ ਇਥੇ ਹੀ ਖਤਮ ਨਹੀ ਹੁੰਦੀ, ਰਫਿਊਜੀਆਂ ਦੇ ਰੂਪ ਵਿਚ ਨਵੇਂ ਆਰਜ਼ੀ ਪ੍ਰਵਾਸੀਆਂ ਦੀ ਆਮਦ ਲਗਾਤਾਰ ਜਾਰੀ ਹੈ ਜਿਸ ਨਾਲ ਕਿਊਬੈਕ ਦੇ ਸਿਹਤ ਅਤੇ ਸਿੱਖਿਆ ਖੇਤਰਾਂ 'ਤੇ ਦਬਾਅ ਵਧ ਰਿਹਾ ਹੈ।" ਲੈਗੋ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਕੋਲ ਵਾਧੂ ਅਧਿਆਪਕ ਨਹੀਂ ਅਤੇ ਨਾ ਹੀ ਰਿਹਾਇਸ਼ ਵਾਸਤੇ ਵਾਧੂ ਮਕਾਨ ਹਨ ਜਿਸ ਦੇ ਮੱਦੇਨਜ਼ਰ ਅਸੀਂ ਨਤੀਜੇ ਚਾਹੁੰਦੇ ਹਾਂ। ਜਸਟਿਨ ਟਰੂਡੋ ਸਮੱਸਿਆ ਨੂੰ ਪ੍ਰਵਾਨ ਕਰ ਚੁੱਕੇ ਹਨ ਅਤੇ ਪਹਿਲੀ ਮੀਟਿੰਗ ਹੋ ਚੁੱਕੀ ਹੈ। ਉਮੀਦ ਕਰਦੇ ਹਾਂ ਕਿ ਅਗਲੀ ਮੁਲਾਕਾਤ ਦੌਰਾਨ ਕੋਈ ਵੱਡਾ ਫੈਸਲਾ ਲਿਆ ਜਾਵੇ ਪਰ ਇਹ 30 ਜੂਨ ਤੋਂ ਪਹਿਲਾਂ ਪਹਿਲਾਂ ਆ ਜਾਣਾ ਚਾਹੀਦਾ ਹੈ। ਪ੍ਰੀਮੀਅਰ ਨੇ ਸਾਫ ਲਫਜ਼ਾਂ ਵਿਚ ਆਖ ਦਿਤਾ ਕਿ ਫੈਡਰਲ ਸਰਕਾਰ ਕੋਲ ਸਿਰਫ ਦੋ ਰਾਹ ਬਾਕੀ ਬਚਦੇ ਹਨ। ਪਹਿਲਾ ਇਹ ਕਿ ਕਿਊਬੈਕ ਵੱਲ ਆ ਰਹੇ ਪ੍ਰਵਾਸੀਆਂ ਦੀ ਗਿਣਤੀ ਘਟਾ ਦਿਤੀ ਜਾਵੇ ਜਾਂ ਸੂਬਾ ਸਰਕਾਰ ਨੂੰ ਇੰਮੀਗ੍ਰੇਸ਼ਨ ਤਾਕਤਾਂ ਦਿਤੀਆਂ ਜਾਣ। ਇਥੇ ਦਸਣਾ ਬਣਦਾ ਹੈ ਕਿ ਫਰਾਂਸਵਾ ਲੈਗੋ ਅਤੇ ਫੈਡਰਲ ਸਰਕਾਰ ਵਿਚਾਲੇ ਤਣਾਅਪੂਰਨ ਮਾਹੌਲ ਕੋਈ ਨਹੀਂ ਗੱਲ ਨਹੀਂ। ਮਾਰਚ ਮਹੀਨੇ ਦੌਰਾਨ ਸੂਬਾ ਸਰਕਾਰ ਨੇ ਫੈਡਰਲ ਸਰਕਾਰ ਦੀ ਇਕ ਨਾ ਸੁਣੀ ਜਦੋ ਪਰਵਾਰਾਂ ਦੇ ਮਿਲਾਪ ਦੀ ਯੋਜਨਾ ਤਹਿਤ 20,500 ਅਰਜ਼ੀਆਂ ਦੀ ਪ੍ਰੋਸੈਸਿੰਗ ਵਾਸਤੇ ਆਖਿਆ ਗਿਆ ਪਰ ਸੂਬਾ ਸਰਕਾਰ ਨੇ ਸਭ ਕੁਝ ਆਪਣੀ ਮਰਜ਼ੀ ਮੁਤਾਬਕ ਕੀਤਾ। ਫਰਾਂਸਵਾ ਲੈਗੋ ਸ਼ਾਇਦ ਐਨੇ ਗੰਭੀਰ ਨਾ ਹੁੰਦੇ ਜੇ ਵਿਰੋਧੀ ਧਿਰ ਪਾਰਟੀ ਕਿਊਬੈਕ ਸ਼ਰਨਾਰਥੀਆਂ ਦੇ ਮਸਲੇ ਦਾ ਲਾਹਾ ਲੈਣ ਦੇ ਯਤਨ ਨਾ ਕਰ ਰਹੀ ਹੁੰਦੀ।

# ਕਨੇਡਾ ਸੂਰਜ ਗ੍ਰਹਿਣ LIVE 8 ਅਪ੍ਰੈਲ 2024




ਓਟਾਵਾ ਤੋਂ ਵਾਪਿਸੀ ਰਸਤੇ ਤੇ ਟੋਰਾਂਟੋ ਵਾਪਸੀ ਸਮੇਂ ਤੇ ਸੂਰਜ ਗ੍ਰਹਿਣ ਲਾਇਵ ਦੇਖ ਰਹੇ ਹਾਂ। ਹਾਈਵੇ ਤੇ ਟਰੈਫਿਕ ਜੂੰ ਤੌਰ ਰਫ਼ਤਾਰ ਹੋ ਰਿਹਾ ਹੈ। ਅਸਮਾਨ ਤੇ ਥੋੜਾ ਥੋੜਾ ਹਨੇਰਾ ਹੋ ਰਿਹਾ ਹੈ। ਦੋਸਤ ਦਵਿੰਦਰ ਪਵਾਰ ਤੇ ਕੁਲਦੀਪ ਪਾਲ ਨਾਲ ਇਸ ਅਲੌਕਿਕ ਨਜ਼ਾਰੇ ਮਾਣ ਰਹੇ ਹਨ। ਤੇ ਹੁਣ ਸ਼ਾਮ ਵਾਂਗ ਮਹਿਸੂਸ ਹੋ ਰਿਹਾ ਅਗਲੇ ਕੁਝ ਮਿੰਟਾਂ ਵਿੱਚ ਪੂਰਣ ਗ੍ਰਹਿਣ ਲੱਗ ਜਾਵੇਗਾ। ਅਸੀਂ ਹਾਈਵੇ 416 ਤੇ ਟੋਰਾਂਟੋ ਵਾਪਿਸੀ ਤੇ ਹਾਂ। ਲੋਕ ਸੜਕਾਂ ਤੇ ਗੱਡੀਆਂ ਪਾਰਕ ਕਰਕੇ ਇਸ ਦਾ ਅਨੰਦ ਲੈ ਰਹੇ ਹਨ। ਪਰ ਅਸੀਂ ਵੀਹ ਦੀ ਰਫ਼ਤਾਰ ਤੇ ਜਾ ਰਹੇ ਹਾਂ ਸਾਡੀ ਗੱਡੀ ਦਾ ਸੰਗੀਤ ਪੂਰਾ ਉਚਾ ਚੱਲ ਰਿਹਾ ਹੈ। ਹੁਣ ਪੂਰਨ ਸੂਰਜ ਗ੍ਰਹਿਣ ਲੱਗਾ ਚੁੱਕਾ ਹੈ। ਬੱਦਲਵਾਹੀ ਵੀ ਹੋ ਗਿਆ ਹੈ। ਬਰੈਂਪਟਨ ਤੇ ਵੈਨਕੂਵਰ ਵਾਲੇ ਪਰਿਵਾਰ ਸਾਵਧਾਨੀ ਵਰਤਣ ਦੀ ਸਾਲਾਹ ਦੇ ਰਹੇ ਹਨ ।

ਪਰ ਅਸੀਂ ਕੁਦਰਤ ਦੇ ਇਤਿਹਾਸਕ ਪਲਾਂ ਨੂੰ ਫੋਨ ਵਿੱਚ ਕੈਦ ਕਰ ਰਹੇ ਹਾਂ। ਅਸਮਾਨ ਤੇ ਗੂਹੜਾ ਹਨੇਰਾ ਹੋ ਗਿਆ ਹੈ। ਕੁਦਰਤ ਦਾ ਵੱਖਰਾ ਰੰਗ ਜ਼ਿੰਦਗੀ ਵਿੱਚ ਮਾਣ ਰਹੇਂ ਹਾਂ । ਹੁਣ ਇਕਦਮ ਚਾਨਣ ਹੋਣ ਲੱਗਾ, ਲੱਗਦਾ ਅੱਜ ਦੂਸਰੀ ਵਾਰੀ ਦਿਨ ਚੜਨ ਲੱਗਾ ਹੈ। ਪਹਿਲਾਂ ਸਵੇਰ ਵਾਲਾ ਪਹੁ ਫੁਟਾਲਾ ਕਨੇਡਾ ਦੀ ਪਾਰਲੀਮੈਂਟ ਦੇ ਬਾਹਰ ਸੂਰਜ ਨਿਕਲਦਾ ਦੇਖਿਆ ਸੀ। ਹੁਣ ਗ੍ਰਹਿਣ ਤੋਂ ਬਾਅਦ ਦੂਸਰੀ ਬਾਅਦ ਸੂਰਜ ਨਿਕਲ ਸੀ। ਅਸੀਂ ਹੁਣ ਗ੍ਰਹਿਣ ਤੋਂ ਬਾਅਦ ਟਰੈਫਿਕ ਫਸੇ ਟੋਰਾਂਟੋ ਵੱਲ ਵੱਧ ਰਹੇ ਹਾਂ ਤੇ ਸੂਰਜ ਵੀ ਹੋਲੀ ਹੋਲੀ ਫਿਰ ਤੋਂ ਪੱਛਮ ਵੱਲ ਛਿਪ ਰਿਹਾ ਹੈ । ਇਹ ਯਾਦਗਾਰੀ ਪਲ ਚੇਤਿਆਂ ਵਿੱਚ ਆਖਿਰ ਤੱਕ ਯਾਦ ਰਹੇਗਾ।

ਬਲਜਿੰਦਰ ਸੇਖਾ, ਟੋਰਾਂਟੋ ਕਨੇਡਾ,
4165096200

# ਗੱਡੀ ਚਲਾਉਂਦੇ ਸਮੇਂ ਸੀਟ ਬੈਲਟ ਨਾ ਲਾਉਣ 'ਤੇ ਪੁਲਿਸ ਨੇ 100 ਗੋਲੀਆਂ ਮਾਰ ਕੇ ਭੁੰਨਤਾ ਨੌਜਵਾਨ

ਨਿਊਯਾਰਕ :- ਅਮਰੀਕਾ ਦੇ ਸ਼ਿਕਾਗੋ 'ਚ ਪੁਲਸ ਨੇ ਸੀਟ ਬੈਲਟ ਨਾ ਲਾਉਣ ਕਾਰਨ ਇਕ ਵਿਅਕਤੀ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਕੇ ਮੌਤ ਦੇ ਘਾਟ ਉਤਾਰ ਦਿੱਤਾ। ਜਿਸ ਕਾਰ ਵਿਚ ਉਹ ਸਫਰ ਕਰ ਰਿਹਾ ਸੀ, ਉਸ 'ਤੇ 41 ਸਕਿੰਟਾਂ ਵਿਚ 100 ਗੋਲੀਆਂ ਚਲਾਈਆਂ ਗਈਆਂ। ਸਿੱਟੇ ਵਜੋਂ ਰੀਡ ਨਾਂ ਦੇ ਨੌਜਵਾਨ ਦੀ ਮੌਤ ਹੋ ਗਈ ਹੈ। ਵਾਇਰਲ ਹੋ ਰਹੀ ਵੀਡੀਓ ਦੇ ਅਨੁਸਾਰ, ਸਿਰਫ 41 ਸਕਿੰਟਾਂ ਵਿੱਚ ਉਸ ਦੀ ਕਾਰ 'ਤੇ 100 ਗੋਲੀਆਂ ਚਲਾਈਆਂ ਗਈਆਂ। ਰੀਡ ਨਾਂ ਦੇ 26 ਸਾਲਾ ਵਿਅਕਤੀ ਦੀ ਪੁਲਸ ਦੀ ਗੋਲੀਬਾਰੀ ਵਿਚ ਮੌਤ ਹੋ ਗਈ, ਜਦਕਿ ਇੱਕ ਪੁਲਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ। ਇਹ ਘਟਨਾ ਮਾਰਚ ਮਹੀਨੇ ਅਮਰੀਕਾ ਦੇ ਸ਼ਿਕਾਗੋ 'ਚ ਵਾਪਰੀ ਸੀ ਅਤੇ ਇਸ ਨਾਲ ਜੁੜੀ ਵੀਡੀਓ ਹਾਲ ਹੀ 'ਚ ਹੁਣ ਸਾਹਮਣੇ ਆਈ ਹੈ। ਇਕ ਪੁਲਿਸ ਵਾਹਨ ਵਿੱਚ ਪੰਜ ਪੁਲਸ ਅਧਿਕਾਰੀਆਂ ਨੇ ਡੇਕਸਟਰ ਰੀਡ ਨਾਮੀ ਵਿਅਕਤੀ ਦੁਆਰਾ ਚਲਾਈ ਜਾ ਰਹੀ ਐੱਸ.ਯੂ.ਵੀ. ਨੂੰ ਘੇਰ ਲਿਆ, ਜਿਸ ਨੇ ਸੀਟਬੈਲਟ ਨਹੀਂ ਲਗਾਈ ਹੋਈ ਸੀ। ਫਿਰ ਰੀਡ ਨੇ ਕਾਰ ਦੀ ਖਿੜਕੀ ਵੀ ਨਹੀਂ ਖੋਲ੍ਹੀ। ਹੋਰ ਅਧਿਕਾਰੀ ਆਉਣ 'ਤੇ ਉਸ ਨੇ ਕਾਰ ਤੋਂ ਬਾਹਰ ਆਉਣ ਤੋ ਇਨਕਾਰ ਕਰ ਦਿੱਤਾ। ਦੋਸ਼ ਹੈ ਕਿ ਪੁਲਿਸ ਨੇ ਰੀਡ ਦੀ ਗੋਲੀ ਮਾਰ ਕੇ ਉਸ ਮਾਰ ਸੁੱਟਿਆ ਸੀ। ਪਰ ਅਧਿਕਾਰੀਆਂ ਦਾ ਕਹਿਣਾ ਹੈ ਕਿ ਰੀਡ ਨੇ ਪਹਿਲਾਂ ਪੁਲਿਸ 'ਤੇ ਗੋਲੀ ਚਲਾਈ ਸੀ, ਇਸ ਤੋਂ ਬਾਅਦ ਪੁਲਸ ਨੇ ਕਾਰਵਾਈ ਕੀਤੀ। ਪੁਲਸ ਨੇ ਦੱਸਿਆ ਕਿ ਸ਼ਿਕਾਗੋ ਦੇ ਹਮਬੋਲਟ ਪਾਰਕ ਇਲਾਕੇ ਵਿੱਚ ਰੀਡ ਦੁਆਰਾ ਗੋਲੀਬਾਰੀ ਵਿੱਚ ਇੱਕ ਪੁਲਸ ਅਧਿਕਾਰੀ ਜ਼ਖਮੀ ਹੋ ਗਿਆ। ਉਸ ਨੇ ਕਿਹਾ ਕਿ ਬਾਕੀ ਚਾਰ ਅਧਿਕਾਰੀਆਂ ਨੇ ਫਿਰ ਰੀਡ 'ਤੇ ਗੋਲੀਬਾਰੀ ਕੀਤੀ। ਪੁਲਸ ਸੁਪਰਡੈਂਟ ਲੈਰੀ ਸਨੇਲਿੰਗ ਨੇ ਕਿਹਾ ਕਿ 21 ਮਾਰਚ ਨੂੰ ਪੁਲਸ ਅਤੇ ਰੀਡ ਵਿਚਕਾਰ ਝਗੜਾ ਹੋਇਆ ਸੀ। ਰੀਡ ਦੇ ਵਕੀਲਾਂ ਵੱਲੋਂ ਮੰਗਲਵਾਰ ਨੂੰ ਜਾਰੀ ਕੀਤੀ ਗਈ ਗੋਲੀਬਾਰੀ ਦੀ ਵੀਡੀਓ ਦੇਖ ਕੇ ਰੀਡ ਦੇ ਪਰਿਵਾਰਕ ਮੈਂਬਰਾਂ ਨੇ ਦੁੱਖ ਪ੍ਰਗਟਾਇਆ। ਰੀਡ ਦੇ ਅਟਾਰਨੀ ਐਂਡਰਿਊ ਐਮ. ਸਟ੍ਰੋਥ ਨੇ ਕਿਹਾ ਕਿ ਰੀਡ ਦਾ ਪਰਿਵਾਰ ਵੀਡੀਓ ਦੇਖ ਕੇ "ਤਬਾਹ" ਹੋ ਗਿਆ ਸੀ। ਉਨ੍ਹਾਂ ਕਿਹਾ ਕਿ ਰੀਡ 'ਤੇ ਗੋਲੀ ਚਲਾਉਣ ਵਾਲਿਆਂ 'ਤੇ ਕਦੇ ਵੀ ਪੁਲਸ ਨੇ ਕਾਰਵਾਈ ਨਹੀਂ ਕੀਤੀ। ਉਮੀਦ ਹੈ ਕਿ ਇਸ ਮਾਮਲੇ ਦੀ ਜਾਂਚ ਜਲਦੀ ਹੋ ਜਾਵੇਗੀ।









# ਪਾਕਿਸਤਾਨ 'ਚ ਸ਼ਾਹਮੁਖੀ ਤੋਂ ਗੁਰਮੁਖੀ ਦਾ ਸਫ਼ਰ : ਮੇਰੀ ਨਜ਼ਰ ਤੋਂ...



ਡਾ. ਜਗਮੋਹਨ ਸੰਘਾ

'ਮੈਂ ਚਾਉਂਦਾ ਹਾਂ ਕਿ ਸਾਡੀ ਯੂਨੀਵਰਸਿਟੀ ਵਿੱਚ ਗੁਰਮੁੱਖੀ ਪਹਿਲੀ ਕਲਾਸ ਤੋਂ ਲੈ ਕੇ ਡਾਕਟਰੇਟ ਤੱਕ ਪੜ੍ਹਾਈ ਜਾਵੇ।' ਇਹ ਕਹਿੰਦਿਆਂ ਹੋਇਆਂ ਡਾ.ਮੁਹੰਮਦ ਅਫ਼ਜ਼ਲ ਹੁਰਾਂ ਦੀਆਂ ਅੱਖਾਂ ਦੀ ਚਮਕ ਵੱਧ ਜਾਂਦੀ ਹੈ। ਯੂਨੀਵਰਸਿਟੀ ਦੇ ਕੋਰੀਡੋਰ ਵਿਚ ਮੇਰੇ ਨਾਲ ਚੱਲਦਿਆਂ ਉਹ ਇੰਜ ਉਤੇਜਿਤ ਹੋ ਰਹੇ ਹਨ, ਜਿਵੇਂ ਕੋਈ ਬੱਚਾ ਆਪਣੇ ਅਣਮੁੱਲੇ ਖਿਡੌਣੇ ਵਿਖਾ ਰਿਹਾ ਹੋਵੇ। ਮੁਹੰਮਦ ਅਫ਼ਜ਼ਲ ਬਾਬਾ ਗੁਰੂ ਨਾਨਕ ਯੂਨੀਵਰਸਿਟੀ, ਨਨਕਾਣਾ ਸਾਹਿਬ ਦੇ ਪਹਿਲੇ ਵਾਈਸ-ਚਾਂਸਲਰ ਹਨ ਅਤੇ ਪੰਜਾਬੀ ਲਈ ਉਨ੍ਹਾਂ ਦੀ ਮੁਹੱਬਤ ਡੁੱਲ੍ਹ-ਡੁੱਲ੍ਹ ਪੈਂਦੀ ਹੈ। 'ਮੈਨੂੰ ਉਸ ਦਿਨ ਦਾ ਇੰਤਜ਼ਾਰ ਰਹੇਗਾ ਜਦੋਂ ਸਿਰਫ਼ ਨਨਕਾਣਾ ਸਾਹਿਬ ਦੇ ਸਟੂਡੈਂਟਸ ਹੀ ਨਹੀਂ, ਬਲਕਿ ਸਾਰੇ ਪਾਕਿਸਤਾਨ ਤੋਂ, ਤੇ ਸਗੋਂ ਬਾਹਰੋਂ ਵੀ ਲੋਕ ਪੰਜਾਬੀ ਪੜ੍ਹਨ ਸਾਡੀ ਯੂਨੀਵਰਸਿਟੀ ਵਿਚ ਆਉਣਗੇ।' ਇਹ ਕਹਿੰਦਿਆਂ ਮੁਹੰਮਦ ਅਫ਼ਜ਼ਲ ਹੁਰਾਂ ਦੀਆਂ ਅੱਖਾਂ ਦੀ ਚਮਕ ਹੋਰ ਵੀ ਵੱਧ ਜਾਂਦੀ ਹੈ। ਪੰਜਾਬੀ ਨੂੰ ਬੇਪਨਾਹ ਪਿਆਰ ਕਰਨ ਵਾਲੇ ਸਿਰਫ਼ ਉਹ ਹੀ ਨਹੀਂ, ਬਲਕਿ ਪਾਕਿਸਤਾਨ ਵਿਚ ਬਹੁਤ ਸਾਰੇ ਹੋਰ ਬੁੱਧੀਜੀਵੀ ਵੀ ਹਨ। ਇਨ੍ਹਾਂ ਵਿਚੋਂ ਕੁਝ ਲੋਕ ਮੇਰੇ ਨਾਲ ਕਾਫ਼ੀ ਚਿਰ ਤੋਂ ਜੁੜੇ ਹੋਏ ਹਨ। ਕਈਆਂ ਨਾਲ ਤਾਂ ਵੱਖ-ਵੱਖ ਮੁਲਕਾਂ ਵਿਚ ਮੁਲਾਕਾਤ ਵੀ ਹੁੰਦੀ ਰਹੀ ਹੈ, ਪਰ ਮੇਰੀ ਫਰਵਰੀ 2024 ਦੀ ਪਾਕਿਸਤਾਨੀ ਫੇਰੀ ਦੌਰਾਨ ਪੰਜਾਬੀ ਨੂੰ ਸ਼ਿੱਦਤ ਨਾਲ ਪਿਆਰ ਕਰਨ ਵਾਲੇ ਕੁਝ ਹੋਰ ਬੁੱਧੀਜੀਵੀ ਵੀ ਜੁੜ ਗਏ। ਮੈਂ ਪ੍ਰੋਫੈਸਰ (ਡਾ.) ਨਬੀਲਾ ਰਹਿਮਾਨ, ਪ੍ਰਿੰਸੀਪਲ ਓਰੀਐਂਟਲ ਕਾਲਜ ਲਾਹੌਰ, ਜਿਨ੍ਹਾਂ ਕੋਲ ਝੰਗ ਯੂਨੀਵਰਸਿਟੀ ਦੇ ਵੀ.ਸੀ. ਦਾ ਵਾਧੂ ਅਹੁਦਾ ਵੀ ਹੈ ਅਤੇ ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫੋਰਮ, ਲਾਹੌਰ ਦੇ ਚੇਅਰਮੇਨ ਡਾ. ਰੱਜ਼ਾਕ ਸ਼ਾਹਿਦ ਦੇ ਸੱਦੇ 'ਤੇ ਗਿਆ ਸਾਂ। ਇਸ ਦਸ ਦਿਨਾਂ ਦੌਰਾਨ ਯੂਨੀਵਰਸਿਟੀ ਆਫ਼ 'ਦ ਪੰਜਾਬ ਵਿੱਚ ਲੈੱਕਚਰ ਦਿੱਤੇ ਤੇ ਅਪਣੀ ਫਿਲਮ 'ਡ੍ਰਾਈਡ ਅਪਰੀਕੋਟਸ' ਦਾ ਪਾਕਿਸਤਾਨ ਪ੍ਰੀਮੀਅਰ ਵੀ ਕੀਤਾ।

ਮੇਰੀ ਫਿਲਮ ਦੇ ਗਾਇਕ ਇਕਬਾਲ ਬਰਾੜ ਅਤੇ ਐਕਟਰੈੱਸ ਕੁਲ ਦੀਪ ਵੀ ਇਸ ਦੌਰੇ 'ਤੇ ਮੇਰੇ ਨਾਲ ਗਏ ਸਨ। ਓਰੀਐਂਟਲ ਕਾਲਜ ਵਿਚ ਬੋਲਦਿਆਂ ਮੈਂ ਆਖਿਆ ਕਿ ਮੈਂ ਉਸ ਧਰਤੀ 'ਤੇ ਖੜ੍ਹਾ ਹਾਂ ਜਿੱਥੇ ਦੁਨੀਆਂ ਦੇ ਸੱਭ ਤੋਂ ਜ਼ਿਆਦਾ ਪੰਜਾਬੀ ਵੱਸਦੇ ਹਨ। ਇਸ 'ਤੇ ਬਹੁਤ ਸਾਰੀਆਂ ਤਾੜੀਆਂ ਵੀ ਵੱਜੀਆਂ। ਪਰ ਜ਼ਮੀਨੀ ਹਕੀਕਤ ਇਹ ਹੈ ਕਿ ਅੱਜ ਵੀ ਪਾਕਿਸਤਾਨ ਵਿਚ ਪੰਜਾਬੀ ਬੋਲੀ ਨੂੰ ਉਹ ਮੁਕਾਮ ਨਹੀਂ ਮਿਲਿਆ ਜਿਹਦੀ ਉਮੀਦ ਵਿਚ ਬਹੁਤ ਸਾਰੇ ਇਸ ਬੋਲੀ ਨੂੰ ਮੁਹੱਬਤ ਕਰਨ ਵਾਲੇ ਤੇ ਉੱਘੇ ਪੰਜਾਬੀ ਬੈਠੇ ਹਨ੍ਹ ਇਸ ਮੌਕੇ ਮਸ਼ਹੂਰ ਲੇਖਕ ਤੇ ਪੰਜਾਬੀ ਕਾਰਕੁੰਨ ਇਲਿਆਸ ਘੁੰਮਣ ਨਾਲ ਉਨ੍ਹਾਂ ਦੀ ਪਾਰਟੀਸ਼ਨ 'ਤੇ ਲਿਖੀ ਕਿਤਾਬ 'ਵੰਡ' ਬਾਰੇ ਵੀ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਹੋਇਆ ਤੇ 'ਪੰਜਾਬ ਹਾਊਸ'; ਦੇ ਮੁਦੱਸਰ ਬੱਟ ਹੁਰਾਂ ਨਾਲ ਵੀ ਸ਼ਾਹਮੁਖੀ ਤੇ ਗੁਰਮੁਖੀ ਦੇ ਸੁਮੇਲ ਬਾਰੇ ਚਰਚਾ ਹੋਈ। ਅਗਰ ਪਿਛੋਕੜ ਦੇਖੀਏ ਤਾਂ ਅੰਗਰੇਜ਼ਾਂ ਨੇ ਇੱਕ ਸੋਚੀ ਸਮਝੀ ਵਿਉਂਤਬੰਦੀ ਅਧੀਨ ਪਰਸ਼ੀਅਨ (ਫ਼ਾਰਸੀ) ਜ਼ੁਬਾਨ ਨੂੰ ਹੌਲੀ -ਹੌਲੀ ਇਸ ਲਈ ਖ਼ਤਮ ਕਰ ਦਿੱਤਾ ਕਿਉਂਕਿ ਪਰਸ਼ੀਅਨ ਨੂੰ ਮੁਗ਼ਲਾਂ ਦੀ ਜ਼ੁਬਾਨ ਕਿਹਾ ਜਾਂਦਾ ਸੀ। ਉਨ੍ਹਾਂ ਨੇ ਸਿੰਧ ਵਾਲਿਆਂ ਨੂੰ ਸਿੰਧੀ ਬੋਲੀ ਤਾਂ ਦੇ ਦਿੱਤੀ ਪਰ ਪਾਕਿਸਤਾਨ ਵਿਚ ਵੱਸਦੇ ਕਰੋੜਾਂ ਪੰਜਾਬੀਆਂ ਦੀ ਝੋਲੀ ਪੰਜਾਬੀ ਬੋਲੀ ਤੋਂ ਮਹਿਰੂਮ ਹੀ ਰਹਿ ਗਈ ਅਤੇ ਉਨ੍ਹਾਂ ਨੂੰ ਕੌਮੀ ਜ਼ੁਬਾਨ ਉਰਦੂ ਨੂੰ ਹੀ ਅਪਨਾਉਣਾ ਪਿਆ। ਵੱਡੀ ਤ੍ਰਾਸਦੀ ਇਹ ਹੈ ਕਿ ਅੱਜ ਵੀ ਪਾਕਿਸਤਾਨ ਦੀ ਤਕਰੀਬਨ ਅੱਧੀ ਆਬਾਦੀ ਪੰਜਾਬੀ ਬੋਲਦੀ ਹੈ ਜਦ ਕਿ ਉਰਦੂ ਬੋਲਣ ਵਾਲੇ ਕੇਵਲ 7% ਦੇ ਕਰੀਬ ਹੀ ਹਨ। ਇਸ ਸੱਭ ਦੇ ਬਾਵਜੂਦ ਵੀ ਪਾਕਿਸਤਾਨ ਦੀ ਕੋਮੀ ਭਾਸ਼ਾ ਉਰਦੂ ਹੀ ਹੈ।

ਕਿਹਾ ਜਾਂਦਾ ਹੈ ਕਿ ਪਾਕਿਸਤਾਨ ਦੀ ਫੌਜ ਵਿੱਚ ਤਿੰਨ-ਚੌਥਾਈ ਤੋਂ ਜ਼ਿਆਦਾ ਪੰਜਾਬੀ ਹਨ। ਪਾਕਿਸਤਾਨ ਦੀ ਸਿਵਲ-ਸਰਵਿਸ ਵਿਚ ਵੀ ਪੰਜਾਬੀਆਂ ਦੀ ਬਹੁ-ਗਿਣਤੀ ਹੈ। ਮੈਨੂੰ ਇਸ ਦੌਰੇ ਦੌਰਾਨ ਇਸ ਗੱਲ ਦੀ ਖੁਸ਼ੀ ਹੋਈ ਕਿ ਹੌਲੀ-ਹੌਲੀ ਪੰਜਾਬੀ ਰੋਜ਼ਗਾਰ ਦੀ ਭਾਸ਼ਾ ਬਣਦੀ ਜਾ ਰਹੀ ਹੈ। ਸਾਨੂੰ ਦਿੱਤੇ ਗਏ ਦੋਵੇਂ ਸੁਰੱਖਿਆ-ਕਰਮੀ ਪੁਲਿਸ ਵਿਚ ਹੁੰਦੇ ਹੋਏ ਵੀ ਪੰਜਾਬੀ ਵਿਚ ਪੀਐੱਚ. ਡੀ. ਕਰ ਰਹੇ ਸਨ। ਸਾਡੀ ਇਸ ਫੇਰੀ ਦੌਰਾਨ ਬਹੁਤ ਸਾਰੇ ਨਵੀਂ ਪੀੜ੍ਹੀ ਦੇ ਨੌਜੁਆਨ ਵੀ ਮਿਲੇ ਜਿਹੜੇ ਪੰਜਾਬੀ ਵਿਚ ਐੱਮ. ਏ., ਐੱਮ. ਫ਼ਿਲ. ਤੇ ਪੀਐੱਚ. ਡੀ. ਕਰ ਰਹੇ ਹਨ ਅਤੇ ਕਈ ਇਹ ਕਰਨ ਤੋ ਬਾਅਦ ਹੁਣ ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਪੜ੍ਹਾ ਵੀ ਰਹੇ ਹਨ। ਇਸ ਸਫ਼ਰ ਵਿੱਚਡਾ. ਨਬੀਲਾ ਰਹਿਮਾਨ ਵਰਗੇ ਮਾਰਗ-ਦਰਸ਼ਕ ਬਾਖ਼ੂਬੀ ਆਪਣਾ ਫਰਜ਼ ਨਿਭਾ ਰਹੇ ਹਨ। ਉਹ ਅਤੇ ਹੋਰ ਕਈ ਹੋਰ ਸ਼ਖ਼ਸ ਪਾਕਿਸਤਾਨ ਵਿੱਚ ਗੁਰਮੁਖੀ ਦੇ ਪ੍ਰਚਾਰ ਵਿਚ ਰੁੱਝੇ ਹੋਏ ਹਨ। ਜਿਵੇਂ ਚੜ੍ਹਦੇ ਪੰਜਾਬ ਵਿੱਚ ਬਹੁਤ ਸਾਰੇ ਪੰਜਾਬੀ ਆਪਣਿਆਂ ਬੱਚਿਆਂ ਨਾਲ ਹਿੰਦੀ ਬੋਲਦੇ ਹਨ, ਇੰਜ ਹੀ ਲਹਿੰਦੇ ਪੰਜਾਬ ਵਿਚ ਵੀ ਬਹੁਤ ਸਾਰੇ ਪੰਜਾਬੀ, ਉਰਦੂ ਬੋਲਣ ਵਿਚ ਆਪਣੇ ਆਪ ਨੂੰ ਉਚੇਰੇ ਦਰਜੇ ਦਾ ਮਹਿਸੂਸ ਕਰਦੇ ਹਨ। ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਸਰਕਾਰੀ ਭਾਸ਼ਾ ਹੋਣ ਕਰਕੇ ਉਰਦੂ ਬੋਲਣਾ ਉਨ੍ਹਾਂ ਲਈ ਇੱਕ ਮਨੋਵਿਗਿਆਨਕ ਕਿਰਿਆ ਹੋ ਕੇ ਰਹਿ ਗਈ ਹੋਵੇ੍ਹ ਮੈਨੂੰ ਪਾਕਿਸਤਾਨ ਦੇ ਇੱਕ ਉੱਘੇ ਸ਼ਾਇਰ ਦੀ ਯਾਦ ਹਮੇਸ਼ਾ ਆਉਂਦੀ ਹੈ ਜਿਨ੍ਹਾਂ ਨੂੰ ਮੈਂ 20 ਕੁ ਸਾਲ ਪਹਿਲਾਂ ਇੰਟਰਵਿਊ ਕੀਤਾ ਸੀ। ਉਨ੍ਹਾਂ ਦਿਨਾਂ ਵਿਚ ਜਗਜੀਤ ਸਿੰਘ ਹੁਰਾਂ ਨੇ ਉਨ੍ਹਾਂ ਦੀ ਇੱਕ ਗ਼ਜ਼ਲ ਗਾਈ ਸੀ। ਸ਼ਹਿਰ ਵਿਚ ਘੁੰਮਦਿਆਂ ਤੇ ਖਾਣੇ ਖਾਂਦਿਆਂ ਉਹ ਮੇਰੇ ਨਾਲ ਠੇਠ ਪੰਜਾਬੀ ਵਿੱਚ ਗੱਲ ਕਰਦੇ ਪਰ ਜਿਉਂ ਹੀ ਮੈਂ ਇੰਟਰਵਿਊ ਦੀ ਰਿਕਾਰਡ ਕਰਨੀ ਸ਼ੁਰੂ ਕਰਦਾ, ਉਹ ਉਸ ਵੇਲੇ ਅਚਾਨਕ ਉਰਦੂ ਬੋਲਣ ਲੱਗ ਪੈਂਦੇ।

ਖੁਸ਼ੀ ਦੀ ਗੱਲ ਇਹ ਹੈ ਕਿ ਇਹ ਰੁਝਾਨ ਹੁਣ ਬਦਲ ਰਿਹਾ ਹੈ ਤੇ ਬਹੁਤ ਸਾਰੇ ਪੰਜਾਬੀ ਦੇ ਕਾਰਕੁੰਨ ਭਾਸ਼ਾ ਦੇ ਪ੍ਰਸਾਰ ਤੇ ਪ੍ਰਚਾਰ ਵਿਚ ਜੁੱਟ ਗਏ ਹਨ। ਕੁਝ ਸਾਲ ਪਹਿਲਾਂ ਤੱਕ ਹਿੰਦੁਸਤਾਨ ਵਿਚ ਲਿਖਿਆ ਗਿਆ ਪੰਜਾਬੀ ਸਾਹਿਤ ਪਾਕਿਸਤਾਨ ਵਿਚ ਸਿਰਫ ਸ਼ਾਹਮੁਖੀ ਵਿਚ ਹੀ ਪੜ੍ਹਿਆ ਜਾਂਦਾ ਸੀ। ਅੱਜ ਦੇ ਦਿਨ ਪਾਕਿਸਤਾਨ ਵਿਚ ਗੁਰਮੁਖੀ ਪੜ੍ਹਨ ਵਾਲਿਆਂ ਦੀ ਤਾਦਾਦ ਕਾਫ਼ੀ ਵੱਧ ਗਈ ਹੈ ਤੇ ਨਾਲ-ਨਾਲ ਚੜ੍ਹਦੇ-ਲਹਿੰਦੇ ਪੰਜਾਬ ਵਿਚ ਵੱਸਦੇ ਪੰਜਾਬੀਆਂ ਦੇ ਪਿਆਰ ਵਿੱਚ ਵੀ ਚੋਖਾ ਵਾਧਾ ਹੋਇਆ ਹੈ। ਜਿਹੜੇ ਵੀ ਇਨਸਾਨ ਨੇ ਲਾਹੌਰ ਵੇਖਿਆ ਹੈ ਉਹ ਮੇਰੀ ਇਸ ਗੱਲ ਨਾਲ ਜ਼ਰੂਰ ਸਹਿਮਤ ਹੋਵੇਗਾ ਕਿ ਲਾਹੌਰ ਦੀ ਮਿੱਟੀ ਦੀ ਖ਼ੁਸ਼ਬੂ ਕਿਸੇ ਨੂੰ ਵੀ ਮਦਹੋਸ਼ ਕਰ ਸਕਦੀ ਹੈ। ਤਕਰੀਬਨ 40 ਵਰ੍ਹੇ ਪਹਿਲਾਂ ਜਦ ਮੈਂ ਅੰਮ੍ਰਿਤਾ ਪ੍ਰੀਤਮ ਦੀ ਇੰਟਰਵਿਊ ਕੀਤੀ ਸੀ ਉਸ ਨੇ ਲਾਹੌਰ ਦੇ ਅਨਾਰਕਲੀ ਬਾਜ਼ਾਰ ਅਤੇ ਧਨੀ ਰਾਮ ਰੋਡ ਦੇ ਮੋੜ 'ਤੇ ਸਥਿਤ ਆਪਣੇ ਘਰ ਦਾ ਜ਼ਿਕਰ ਕੀਤਾ ਸੀ। ਜਦੋਂ ਉਸ ਘਰ ਨੂੰ ਵੇਖਣ ਦੀ ਮੇਰੀ ਤਮੰਨਾ ਏਨੇ ਸਾਲਾਂ ਬਾਦ ਪੂਰੀ ਹੋਈ ਤਾਂ ਮੈਨੂੰ ਇੰਜ ਲੱਗਿਆ ਜਿਵੇਂ ਦੁਬਾਰਾ ਅੰਮ੍ਰਿਤਾ ਨਾਲ ਮੁਲਾਕਾਤ ਦਾ ਮੌਕਾ ਮਿਲ ਗਿਆ ਹੋਵੇ। ਉਸ ਘਰ ਵਿਚ ਵੱਸਦੇ ਜ਼ੀਸ਼ਾਨ ਇਬਰਾਹੀਮ ਸਾਬ ਨੇ ਅੰਮ੍ਰਿਤਾ ਦੇ ਉਸ ਘਰ ਦਾ ਹਰੇਕ ਹਿੱਸਾ ਸਾਨੂੰ ਬੜੀ ਮੁਹੱਬਤ ਨਾਲ ਵਿਖਾਇਆ।

ਮਸ਼ਹੂਰ ਗਾਇਕ ਤੇ ਬਹੁਤ ਹੀ ਨਿਮਰ ਸੁਭਾ ਦੇ ਮਾਲਿਕ ਆਰਿਫ਼ ਲੁਹਾਰ ਹੁਰਾਂ ਨਾਲ ਠੇਠ ਪੰਜਾਬੀ ਵਿਚ ਗੱਲਾਂ-ਬਾਤਾਂ ਕਰਕੇ ਬਹੁਤ ਅਪਣੱਤ ਦਾ ਅਹਿਸਾਸ ਹੋਇਆ। ਪਾਕਿਸਤਾਨੀ ਪੰਜਾਬੀ ਫ਼ਿਲਮਾਂ ਦੇ ਮਸ਼ਹੂਰ ਨਿਰਮਾਤਾ- ਨਿਰਦੇਸ਼ਕ ਸਈਦ ਨੂਰ ਅਤੇ ਉਨ੍ਹਾਂ ਦੀ ਅਦਾਕਾਰਾ ਪਤਨੀ ਸਾਇਮਾ ਨੂਰ ਹੁਰਾਂ ਦੇ ਘਰ ਬੈਠ ਕੇ ਪੰਜਾਬੀ ਫ਼ਿਲਮਾਂ ਦੇ ਨਿਰਮਾਣ ਬਾਰੇ ਗੱਲਾਂ ਕਰਦਿਆਂ ਇੱਕ ਅਲੌਕਿਕ ਭਾਵਨਾ ਦਾ ਅਨੁਭਵ ਹੋਇਆ। ਕਸੂਰ ਸ਼ਹਿਰ ਦੇ ਨਵਾਬ ਦੇ ਵੰਸ਼ਜ ਨੂੰ ਮਿਲ ਕੇ ਤੇ ਬੁੱਲ੍ਹੇ ਸ਼ਾਹ ਦੀਆਂ ਗੱਲਾਂ ਕਰ ਕੇ ਇੰਜ ਲੱਗਿਆ ਜਿਵੇਂ ਮੈਂ ਵੀ ਚਾਰ ਸੌ ਸਾਲ ਪੁਰਾਣੇ ਇਤਿਹਾਸ ਦਾ ਹਿੱਸਾ ਬਣ ਗਿਆ ਹੋਵਾਂ। ਇਹ ਬਹੁਤ ਹੀ ਸੰਤੁਸ਼ਟੀ ਭਰੀ ਭਾਵਨਾ ਹੈ ਕਿ ਬਾਰਡਰ ਦੇ ਦੋਵੇਂ ਪਾਸੇ ਪੰਜਾਬੀ ਨੂੰ ਬੇ-ਪਨਾਹ ਮੁਹੱਬਤ ਕਰਨ ਵਾਲੇ ਲੋਕ ਮੌਜੂਦ ਹਨ। ਮੇਰੀ ਨਜ਼ਰ 'ਚ ਆਉਣ ਵਾਲੇ ਸਾਲਾਂ ਵਿੱਚ ਪਾਕਿਸਤਾਨ ਵਿਚ ਨਾ ਸਿਰਫ਼ ਪੰਜਾਬੀ ਬੋਲੀ ਨੂੰ ਹੋਰ ਪ੍ਰਾਥਮਿਕਤਾ ਦਿੱਤੀ ਜਾਏਗੀ, ਬਲਕਿ ਗੁਰਮੁਖੀ ਸਿੱਖਣ ਵਾਲਿਆਂ ਦੀ ਗਿਣਤੀ ਵੀ ਲਗਾਤਾਰ ਵੱਧਦੀ ਹੀ ਜਾਵੇਗੀ।

ਫ਼ੋਨ : +1 416-820-1822

# ਚੰਡੀਗੜ੍ਹ 'ਚ CBI ਨੇ ਰਿਸ਼ਵਤਖੋਰੀ ਦੇ ਮਾਮਲੇ 'ਚ ਸਬ-ਇੰਸਪੈਕਟਰ ਅਤੇ ASI ਨੂੰ ਕੀਤਾ ਗ੍ਰਿਫ਼ਤਾਰ




ਚੰਡੀਗੜ੍ਹ ਵਿੱਚ CBI ਵੱਲੋ ਦੋ ਪੁਲਿਸ ਮੁਲਾਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਸ਼ਵਤਖੋਰੀ ਦੇ ਮਾਮਲੇ 'ਚ ਇੱਕ ਸਬ-ਇੰਸਪੈਕਟਰ ਅਤੇ ਇੱਕ ASI ਸ਼ਾਮਿਲ ਸੀ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਚੰਡੀਗੜ੍ਹ ਦੇ ਸੈਕਟਰ 17 ਥਾਣੇ ਵਿੱਚ ਤਾਇਨਾਤ ਸਬ ਇੰਸਪੈਕਟਰ ਬਲਵਿੰਦਰ ਸਿੰਘ ਅਤੇ OP ਸੈੱਲ ਵਿੱਚ ਤਾਇਨਾਤ ASI ਹਰਮੀਤ ਸਿੰਘ 'ਤੇ ਰਿਸ਼ਵਤ ਲੈਣ ਦੇ ਦੋਸ਼ ਹਨ। ਏਜੰਸੀ ਅਜੇ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। CBI ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਮੁਲਜ਼ਮ ASI ਹਰਮੀਤ ਸਿੰਘ ਨੇ ਇੱਕ ਕੇਸ ਨੂੰ ਦਬਾਉਣ ਲਈ ਪੀੜਤ ਤੋਂ ਇੱਕ ਲੱਖ ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ। ਇਸ 'ਤੇ CBI ਨੇ ਹਰਮੀਤ ਸਿੰਘ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਹੋਰ ਪੜਤਾਲ ਕਰਨ 'ਤੇ ਸਾਹਮਣੇ ਆਇਆ ਕਿ ਹਰਮੀਤ ਸਿੰਘ ਨੇ ਸਬ-ਇੰਸਪੈਕਟਰ ਬਲਵਿੰਦਰ ਸਿੰਘ ਦੇ ਨਾਂ 'ਤੇ ਰਿਸ਼ਵਤ ਮੰਗੀ ਸੀ ਪਰ ਬਾਅਦ 'ਚ 40,000 ਰੁਪਏ 'ਚ ਸਮਝੌਤਾ ਹੋ ਗਿਆ। ਇਸ ਦੌਰਾਨ CBI ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ।

ਮੁਲਜ਼ਮ ASI ਨੇ ਸਬ ਇੰਸਪੈਕਟਰ ਦੇ ਨਾਂ 'ਤੇ ਪੈਸੇ ਮੰਗੇ ਸਨ। ਪੀੜਤ ਪਹਿਲੀ ਕਿਸ਼ਤ ਦੇਣ ਲਈ 10,000 ਰੁਪਏ ਲੈ ਕੇ ਪਹੁੰਚਿਆ ਸੀ। ਪਰ ਇਸ ਤੋ ਪਹਿਲਾਂ ਵੀ ਉਸ ਨੇ CBI ਨੂੰ ਸ਼ਿਕਾਇਤ ਦਿੱਤੀ ਸੀ। ਸੀਬੀਆਈ ਨੇ ਪਹਿਲਾਂ ਹੀ ਆਪਣੀ ਟੀਮ ਬਣਾ ਕੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਤਿਆਰੀ ਕਰ ਲਈ ਸੀ। ਜਦੋਂ ASI ਨੂੰ ਕਾਬੂ ਕੀਤਾ ਗਿਆ ਤਾਂ ਉਸਦੇ ਖ਼ਿਲਾਫ਼ ਮਾਮਲਾ ਦਰਜ ਕਰਕੇ ਪੁੱਛਗਿੱਛ ਕੀਤੀ ਗਈ ਤਾਂ ਉਸਨੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਦਾ ਨਾਮ ਲਿਆ ਸੀ। ਇਸ ਤੋਂ ਬਾਅਦ ਬਲਵਿੰਦਰ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਹੁਣ ਦੋਵਾਂ ਦੇ ਘਰਾਂ ਦੀ ਜਾਂਚ ਚੱਲ ਰਹੀ ਹੈ।

# ਭਤੀਜੇ ਦੇ ਕਤਲ ਦੇ ਦੋਸ਼ 'ਚ ਪੰਜਾਬੀ ਨੂੰ ਉਮਰ ਕੈਦ, 16 ਸਾਲ ਤੱਕ ਪੈਰੋਲ ਵੀ ਨਹੀਂ



ਐਡਮਿੰਟਨ (ਪੰਜਾਬ ਸਟਾਰ) : ਐਡਮਿੰਟਨ ਦੀ ਇਕ ਅਦਾਲਤ ਨੇ ਪਤਨੀ ਨੂੰ ਗੋਲ਼ੀਆਂ ਮਾਰ ਕੇ ਜ਼ਖ਼ਮੀ ਕਰਨ ਅਤੇ ਉਸ ਦੇ ਭਤੀਜੇ ਨੂੰ ਜਾਨੋਂ ਮਾਰਨ ਦੇ ਕੇਸ 'ਚ ਦੋਸ਼ੀ ਗਮਦੂਰ ਬਰਾੜ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਸਜ਼ਾ ਦੌਰਾਨ ਬਰਾੜ ਨੂੰ 16 ਸਾਲ ਤੱਕ ਪੈਰੋਲ ਨਹੀ ਮਿਲ ਸਕੇਗੀ। ਬਰਾੜ ਨੂੰ ਪੁਲਿਸ ਵੱਲੋਂ 7 ਮਈ, 2021 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਨੇ ਇਸ ਕੇਸ ਵਿਚ ਸਤੰਬਰ, 2023 'ਚ ਉਸ ਨੂੰ ਕਤਲ ਦਾ ਦੋਸ਼ੀ ਪਾਇਆ ਸੀ। ਜਾਣਕਾਰੀ ਮੁਤਾਬਕ, ਬਰਾੜ ਨੇ ਭਾਰੀ ਆਵਾਜਾਈ ਵਾਲੀ ਇਕ ਰੁਝੇਵਿਆਂ ਭਰੀ ਸੜਕ 'ਤੇ ਆਪਣੀ ਪਤਨੀ ਤੇ ਭਤੀਜੇ ਉੱਪਰ ਗੋਲ਼ੀਆਂ ਚਲਾ ਦਿੱਤੀਆਂ ਸਨ। ਉਸ ਨੂੰ ਕਤਲ ਅਤੇ ਇਰਾਦੇ ਤਹਿਤ ਹਥਿਆਰ ਚਲਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। ਇਸ ਹਮਲੇ ਵਿਚ ਉਸ ਦੀ ਪਤਨੀ ਦੇ ਭਤੀਜੇ ਹਰਮਨਜੋਤ ਸਿੰਘ ਭੱਠਲ (19) ਦੀ ਮੌਤ ਹੋ ਗਈ ਸੀ।

# ਪੰਜਾਬੀ ਟੈਕਸੀ ਡਰਾਈਵਰ 'ਤੇ ਹਮਲਾ, ਸਰਿੰਜ ਤੇ ਚਾਕੂ ਨਾਲ ਵਾਰ ਕਰਨ ਮਗਰੋਂ ਖੋਹੀ ਗੱਡੀ




ਪੰਜਾਬੀ ਟੈਕਸੀ ਡਰਾਈਵਰ ਜਗਰਾਜ ਸਿੰਘ ਜੌਹਲ ਉਤੇ ਸਰਿੰਜ ਤੇ ਚਾਕੂ ਨਾਲ ਹਮਲਾ ਕਰਨ ਮਗਰੋਂ ਉਸ ਦੀ ਟੈਕਸੀ ਵੀ ਖੋਹ ਲਈ। ਇਸ ਘਟਨਾ ਵਿਚ ਡਰਾਈਵਰ ਨੂੰ ਕਾਫੀ ਸੱਟਾਂ ਲੱਗੀਆਂ ਅਤੇ ਉਸ ਦੇ ਸੱਜੇ ਹੱਥ 'ਤੇ ਟਾਂਕੇ ਲਗਾਉਣੇ ਪਏ। ਜਗਰਾਜ ਅਨੁਸਾਰ ਰਾਤ 10:30 ਵਜੇ ਨੇੜਲੇ ਸ਼ਹਿਰ ਮਿਸ਼ਨ (ਭਛ) ਦੇ 7 ਇਲੈਵਿਨ ਤੋ ਇਕ ਔਰਤ ਨੂੰ ਅਪਣੀ ਟੈਕਸੀ ਵਿਚ ਬਿਠਾਇਆ ਸੀ, ਉਸ ਵਲੋਂ ਦਿਤੇ ਪਤੇ 'ਤੇ ਪਹੁੰਚ ਕੇ ਜਦੋ ਉਸ ਨੂੰ ਟੈਕਸੀ 'ਚੋ ਉਤਰਣ ਲਈ ਕਿਹਾ ਤਾਂ ਉਸ ਨੇ ਡਰਾਈਵਰ ਦੀ ਪਿੱਠ 'ਤੇ ਜ਼ੋਰ ਨਾਲ ਸਰਿੰਜ ਮਾਰੀ। ਜਦੋ ਉਹ ਟੈਕਸੀ 'ਚੋ ਬਾਹਰ ਨਿਕਲਿਆ ਤਾਂ ਉਕਤ ਲੜਕੀ ਨੇ ਚਾਕੂ ਨਾਲ ਹਮਲਾ ਕਰ ਦਿਤਾ ਤੇ ਇਸ ਦੌਰਾਨ ਉਹ ਜਗਰਾਜ ਸਿੰਘ ਨੂੰ ਘਸੀਟਦੀ ਹੋਈ ਟੈਕਸੀ ਲੈ ਕੇ ਭੱਜ ਗਈ। ਉਹ ਕੁੱਝ ਬਲਾਕ ਦੀ ਦੂਰੀ 'ਤੇ ਜਾ ਕੇ ਟੈਕਸੀ ਖੜ੍ਹੀ ਕਰਕੇ ਫਰਾਰ ਹੋ ਗਈ। ਪੁਲਿਸ ਵਲੋ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ।



MATRIMONIAL
GIRL WANTED
Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse.
Call/text +1 572 273 4588.

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ
IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
ROKU
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ
ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ
ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ
ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fire TV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਨਵੀਆਂ ਬੁਲੰਦੀਆਂ ਤੇ ਪਹੁੰਚੀ ਵਾਸ਼ਿੰਗਟਨ ਡੀ.ਸੀ. 'ਚ ਹੋਈ 7ਵੀਂ ਨੈਸ਼ਨਲ ਸਿੱਖ ਡੇਅ-ਪਰੇਡ



1984 ਦੇ ਘੱਲੂਘਾਰੇ ਅਤੇ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਸਮਰਪਿਤ ਸੋਵੀਨਰ (Souvenir) ਅਮਰੀਕਾ ਦੀਆਂ ਸਮੂਹ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਰੀ 8 ਅਪ੍ਰੈਲ 2024: ਖਾਲਸਾ ਸਾਜਨਾ ਦਿਵਸ ਵਿਸਾਖੀ ਨੂੰ ਸਿੱਖਾਂ ਦੇ ਵੱਡੇ ਕੌਮੀ ਦਿਹਾੜੇ ਵਜੋ ਮਾਨਤਾ ਦਿਵਾਉਣ ਲਈ ਪਿਛਲੇ ਸਮਿਆਂ ਤੋ ਲਗਾਤਾਰ ਕੰਮ ਕਰ ਰਹੀ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ (SCCEC) ਵੱਲੋਂ ਹਰ ਸਾਲ ਦੀ ਤਰ੍ਹਾਂ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ. ਸੀ. ਵਿੱਚ ਕੱਢੀ ਜਾਂਦੀ ਪਰੇਡ ਇਸ ਵਾਰ ਸੰਗਤਾਂ ਦੀ ਬਹੁਤ ਭਰਵੀਂ ਸ਼ਮੂਲੀਅਤ ਨਾਲ ਹੋਰ ਨਵੀਆਂ ਬੁਲੰਦੀਆ ਉੱਤੇ ਪਹੁੰਚੀ। ਅਮਰੀਕਾ ਭਰ ਤੋਂ ਤੇ ਖਾਸ ਕਰਕੇ ਈਸਟ-ਕੋਸਟ ਦੀਆਂ ਸਾਰੀਆਂ ਸਟੇਟਾਂ ਦੇ ਗੁਰਦੁਆਰਿਆਂ ਤੋ ਸੰਗਤਾਂ ਇਸ ਪਰੇਡ ਵਿੱਚ ਸ਼ਾਮਲ ਹੋਈਆਂ। ਗੁਰੂ ਗ੍ਰੰਥ ਸਾਹਿਬ ਦੀ ਛਤਰਛਾਇਆ ਹੇਠ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਹੁੰਦੀ ਇਹ ਪਰੇਡ ਸਿੱਖ ਕੌਮ ਦੀ ਵੱਖਰੀ ਪਛਾਣ ਅਤੇ ਫਰੀਡਮ ਮਾਰਚ ਵਜੋ ਸਿੱਖ ਰਾਜ ਦਾ ਸੁਨੇਹਾ ਦੁਨੀਆ ਭਰ ਦੇ ਲੋਕਾਂ ਨੂੰ ਦੇਣ ਵਿੱਚ ਕਾਮਯਾਬ ਹੋਈ। ਇਸ ਦੌਰਾਨ ਸੰਗਤਾਂ ਅਤੇ ਜਥੇਬੰਦੀਆਂ ਨਿਸ਼ਾਨ ਸਾਹਿਬ, ਖਾਲਸਤਾਨ ਦੇ ਝੰਡੇ ਤੇ ਵੱਖ ਵੱਖ ਬੈਨਰ ਲੈ ਕੇ ਪਰੇਡ ਵਿੱਚ ਸ਼ਾਮਲ ਸਨ। ਪਰੇਡ ਦੇ ਅਖੀਰ ਵਿੱਚ ਅਮਰੀਕੀ ਕੈਪੀਟਲ (ਸੰਸਦ) ਦੇ ਸਾਹਮਣੇ ਸਟੇਜ ਤੋਂ ਸਿੱਖ ਅਤੇ ਅਮਰੀਕਨ ਨੁਮਾਇੰਦਿਆ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸ.ਹਰਜਿੰਦਰ ਸਿੰਘ ਮੀਡੀਆ ਸਪੋਕਸਮੈਨ SCCEC ਨੇ ਸਿੱਖ ਕੋਆਰਡੀਨੇਸ਼ਨ ਕਮੇਟੀ ਦੀਆਂ ਪ੍ਰਾਪਤੀਆਂ ਸੰਗਤਾਂ ਦੇ ਸਾਹਮਣੇ ਰੱਖੀਆਂ। ਸਟੇਜ ਦੀ ਸੇਵਾ ਕੋਆਰਡੀਨੇਟਰ ਸ. ਹਿੰਮਤ ਸਿੰਘ ਨੇ ਬਾਖੂਬੀ ਨਿਭਾਈ ਜਿਨਾਂ ਨੇ ਕਿ ਵਿਦੇਸ਼ਾਂ ਵਿੱਚ ਸਿੱਖ ਕੌਮ ਦੀ ਵੱਖਰੀ ਪਛਾਣ, ਪ੍ਰਾਪਤੀਆਂ ਅਤੇ ਪੰਜਾਬ ਵਿੱਚ ਅਜ਼ਾਦ ਸਿੱਖ ਰਾਜ ਦੀ ਗੱਲ ਤੇ ਜ਼ੋਰ ਦਿੱਤਾ। ਇਸ ਪਰੇਡ ਵਿਚ ਵਿਸ਼ੇਸ਼ ਤੌਰ ਤੇ ਡਾ. ਅਮਰਜੀਤ ਸਿੰਘ ਨੇ ਹਮੇਸ਼ਾ ਵਾਂਗ ਸਿੱਖ ਰਾਜ ਦੇ ਸੰਕਲਪ ਸਬੰਧ ਵਿੱਚ ਵਿਸਥਾਰ ਨਾਲ ਗੱਲ ਕੀਤੀ। ਡਾ. ਪ੍ਰਿਤਪਾਲ ਸਿੰਘ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਖਾਸ ਤੌਰ 'ਤੇ ਪਰੇਡ ਵਿੱਚ ਸ਼ਾਮਲ ਹੋਏ ਅਤੇ ਸਟੇਜ ਤੋ ਸੰਗਤਾਂ ਨੂੰ ਸੰਬੋਧਨ ਕੀਤਾ। ਅਮਰੀਕਨ ਸੈਨੇਟ ਦੇ ਲੀਡਰ ਚੱਕ ਸ਼ੂਮਰ (Chuck Schumer) ਵੱਲੋ ਅਤੇ ਕਾਂਗਰਸਮੈਨ ਟੌਮ ਸੂਆਜੀ (ਠੋਮ ਸ਼ੋਜ਼ਜ਼ੀ) ਵੱਲੋ ਇਸ ਮੌਕੇ ਤੇ ਭੇਜੇ ਗਏ ਸਾਈਟੇਸ਼ਨ ਅਤੇ ਸੰਦੇਸ਼ ਸੰਗਤਾਂ ਨਾਲ ਸਾਂਝੇ ਕੀਤੇ ਗਏ। 1984 ਦੇ ਘੱਲੂਘਾਰੇ ਅਤੇ ਸਿੱਖ ਨਸਲਕੁਸ਼ੀ ਦੀ 40ਵੀਂ ਵਰ੍ਹੇਗੰਢ ਨੂੰ ਯਾਦ ਕਰਦਿਆਂ ਅਤੇ ਦਿੱਲੀ ਤਖ਼ਤ ਵੱਲੋ, ਅਕਾਲ ਤਖ਼ਤ ਸਾਹਿਬ ਦੇ ਕੋਹ-ਕੋਹ ਕੇ ਸ਼ਹੀਦ ਕੀਤੇ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਤੇ ਅਣਮਨੁਖੀ ਤਰੀਕੇ ਨਾਲ ਕੈਦ ਕੀਤੇ ਗਏ ਮੌਜੂਦਾ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਨੂੰ ਸਮਰਪਿਤ ਸੋਵੀਨਰ (Souvenir) ਅਮਰੀਕਾ ਦੀਆਂ ਸਮੂਹ ਜਥੇਬੰਦੀਆਂ ਤੇ ਪਤਵੰਤੇ ਸੱਜਣਾਂ ਵੱਲੋਂ ਸਾਂਝੇ ਤੌਰ 'ਤੇ ਸਟੇਜ ਉੱਤੋ ਜਾਰੀ ਕੀਤਾ ਗਿਆ, ਅਤੇ ਸਮੂਹ ਗੁਰਦੁਆਰਿਆਂ ਅਤੇ ਸੰਗਤਾਂ ਨੂੰ ਸੋਵੀਨਰ ਦੀਆਂ ਕਾਪੀਆਂ ਦਿੱਤੀਆਂ ਗਈਆਂ। ਇਸ ਦੇ ਨਾਲ ਹੀ ਸਿੱਖ ਕੌਮ ਦੇ ਆਪਣੇ ਨਾਨਕਸ਼ਾਹੀ ਕੈਲੰਡਰ ਜਿਸ ਨੂੰ ਦਲ ਖਾਲਸਾ ਵੱਲੋਂ ਅਕਾਲ ਤਖ਼ਤ ਸਾਹਿਬ ਤੋ ਕੌਮ ਨੂੰ ਸਮਰਪਿਤ ਕੀਤਾ ਜਾਂਦਾ ਹੈ, ਉਹ ਕੈਲੰਡਰ 1984 ਦੀ 40ਵੀ ਵਰ੍ਹੇਗੰਢ ਨੂੰ ਯਾਦ ਕਰਦਿਆਂ ਅਮਰੀਕਾ ਦੀਆਂ ਸਮੂਹ ਪੰਥਕ ਜਥੇਬੰਦੀਆਂ ਵੱਲੋ ਸਾਂਝੇ ਤੌਰ ਤੇ ਸਟੇਜ ਉੱਪਰੋ ਜਾਰੀ ਕੀਤਾ ਗਿਆ। ਇਸ ਮੌਕੇ ਉੱਤੇ ਮੌਜੂਦਾ ਸਿੱਖ ਸੰਘਰਸ਼ ਦੇ ਸ਼ਹੀਦਾਂ ਸਬੰਧੀ ਇੱਕ ਪ੍ਰਦਰਸ਼ਨੀ ਵੀ ਖਾਸ ਤੌਰ 'ਤੇ ਸਿੱਖ ਯੂਥ ਵੱਲੋਂ ਲਗਾਈ ਗਈ ਸੀ।

ਵਰਜੀਨੀਆਂ, ਤੋਂ ਲੈ ਕੇ ਨਿਊਯਾਰਕ, ਨਿਊਜਰਸੀ, ਪੈਨਸਲਵੇਨੀਆਂ, ਮੈਰੀਲੈਂਡ, ਮੈਸੇਚਿਊਸਿਟ, ਕਨੈਕਟੀਕਟ, ਡੈਲਵੇਅਰ ਅਤੇ ਹੋਰ ਸਟੇਟਾਂ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਜਥੇਬੰਦੀਆਂ ਦੇ ਨੁਮਾਇੰਦੇ ਸੰਗਤ ਨੂੰ ਸੰਬੋਧਨ ਹੋਏ, ਇੰਨਾਂ ਵਿੱਚ ਸ. ਬੂਟਾ ਸਿੰਘ ਖੜੌਦ, ਸ. ਬਰਜਿੰਦਰ ਸਿੰਘ ਬਰਾੜ, ਸ.ਸੁਰਜੀਤ ਸਿੰਘ ਕੁਲਾਰ , ਸ.ਪ੍ਰਿਤਪਾਲ ਸਿੰਘ ਖਾਲਸਾ, ਸ. ਭਗਤ ਸਿੰਘ , ਡਾ. ਬਖਸ਼ੀਸ਼ ਸਿੰਘ, ਸ.ਦਵਿੰਦਰ ਸਿੰਘ ਦਿਓ, ਸ.ਬਲਾਕਾ ਸਿੰਘ, ਸ. ਰਜਿੰਦਰ ਸਿੰਘ, ਸ. ਅਵਤਾਰ ਸਿੰਘ ਪੰਨੂ, ਸ. ਗੁਰਨਿੰਦਰ ਸਿੰਘ, ਸ. ਬਲਵਿੰਦਰ ਸਿੰਘ ਚੱਠਾ, ਸ. ਬਲਜਿੰਦਰ ਸਿੰਘ, ਸ. ਨਰਿੰਦਰ ਸਿੰਘ, ਸ.ਹਰਮਿੰਦਰ ਸਿੰਘ ਆਹਲੂਵਾਲੀਆ, ਸ. ਜੁਗਰਾਜ ਸਿੰਘ, ਸ. ਜਤਿੰਦਰ ਸਿੰਘ ਖਟੜਾ, ਸ. ਤੇਜਪਾਲ ਸਿੰਘ, ਸ. ਜੱਸਾ ਸਿੰਘ, ਸ.ਊਧਮ ਸਿੰਘ, ਸ.ਨਵਤੇਜ ਸਿੰਘ, ਸ. ਹਰਚਰਨ ਸਿੰਘ, ਸ. ਸੰਤੋਖ ਸਿੰਘ ਅਤੇ ਹੋਰ ਪਤਵੰਤੇ ਹਾਜ਼ਰ ਸਨ। ਗੁਰੂ ਮਹਾਰਾਜ ਦੀ ਕਿਰਪਾ ਸਦਕਾ ਪਰੇਡ ਬਹੁਤ ਚੜਦੀ ਕਲਾ ਨਾਲ ਸੰਪੂਰਨ ਹੋਈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟਕੋਸਟ ਵੱਲੋ ਸਾਰੇ ਗੁਰਦੁਆਰਾ ਪ੍ਰਬੰਧਕਾਂ, ਪੰਥਕ ਜਥੇਬੰਦੀਆਂ, ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਅਤੇ ਉਨਾਂ ਦੱਸਿਆ ਕਿ ਅਗਲੇ ਸਾਲ ਨੈਸ਼ਨਲ ਸਿੱਖ ਡੇਅ-ਪਰੇਡ 5 ਅਪਰੈਲ ਨੂੰ ਕੱਢੀ ਜਾਵੇਗੀ।

ਜਾਰੀ ਕਰਤਾ: ਹਿੰਮਤ ਸਿੰਘ (ਕੋਆਰਡੀਨੇਟਰ - ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟਕੋਸਟ)
+1 (646)-358-7745

# ਜਸਪ੍ਰੀਤ ਸਹੋਤਾ ਨੂੰ ਸੈਂਗਰ ਹਾਈ ਸਕੂਲ ਵੱਲੋਂ ਸੁਪਰਸਟਾਰ ਹੋਣ ਦਾ ਮਾਣ ਮਿਲਿਆ



ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਬੀਤੇ ਮਹੀਨੇ ਮਾਰਚ ਦੇ ਸੁਪਰਡੈਂਟ ਸੁਪਰਸਟਾਰ ਦੇ ਸਨਮਾਨ ਲਈ ਫਰਿਜ਼ਨੋ ਨਜ਼ਦੀਕੀ ਸੈਂਗਰ ਸ਼ਹਿਰ ਦੇ ਹਾਈ ਸਕੂਲ ਵੱਲੋਂ ਪੰਜਾਬੀ ਵਿਦਿਆਰਥਣ ਜਸਪ੍ਰੀਤ ਕੌਰ ਸਹੋਤਾ ਨੂੰ ਚੁਣਿਆਂ ਗਿਆ ਸੀ। ਜਸਪ੍ਰੀਤ ਕੌਰ ਸਹੋਤਾ ਸੈਂਗਰ ਵੈਸਟ ਹਾਈ ਸਕੂਲ ਦੀ ਵਿਦਿਆਰਥਣ ਹੈ ਅਤੇ ਜੋ ਆਪਣੀ ਮਿਹਨਤ ਅਤੇ ਲਗਨ ਸਦਕਾ ਵਿਗਿਆਨ ਦੀ ਆਪਣੀ ਪੜਾਈ ਵਿੱਚ ਸਭ ਤੋਂ ਅੱਗੇ ਹੈ। ਬੀਤੇ ਸਾਲਾਂ ਵਿੱਚ ਉਸਨੇ ਫਰਿਜ਼ਨੋ ਕਾਉਂਟੀ ਵਿਗਿਆਨਿਕ ਮੇਲੇ ਵਿੱਚ ਵਿਦਿਅਕ ਮੁਕਾਬਲਾ ਕੀਤਾ ਹੈ। ਜਿੱਥੇ ਉਸਨੇ ਕੈਂਸਰ ਅਤੇ ਨਿਊਰੋਡੀਜਨਰੇਟਿਵ ਵਿਸ਼ੇ ਬਾਰੇ ਆਪਣੀ ਖੋਜ ਸਾਂਝੀ ਕੀਤੀ ਸੀ।

ਇਸ ਬਾਰੇ ਵਿਚਾਰ ਸਾਂਝੇ ਕਰਦੇ ਹੋਏ ਜਸਪ੍ਰੀਤ ਨੇ ਕਿਹਾ ਕਿ, "ਅਸੀਂ ਕੈਂਸਰ ਨੂੰ ਗਲਤ ਤਰੀਕੇ ਨਾਲ ਦੇਖ ਰਹੇ ਹਾਂ ਅਤੇ ਜੇਕਰ ਅਸੀਂ ਇਸ ਪਰਿਵਰਤਨਸ਼ੀਲ ਵਿਧੀ ਨੂੰ ਸਮਝਣ ਦੇ ਤਰੀਕੇ ਨੂੰ ਬਦਲਦੇ ਹਾਂ ਅਤੇ ਇਹ ਕੈਂਸਰ ਨੂੰ ਕਿਵੇਂ ਚਲਾਉਂਦੇ ਹਨ।" ਅਸੀਂ ਇਸਦੀ ਵਰਤੋ ਜ਼ਿਆਦਾ ਦੇਰ ਹੋਣ ਤੋਂ ਪਹਿਲਾਂ ਵਧੇਰੇ ਸਹੀ ਅਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਨਿਵਾਰਨ ਕਰਨ ਲਈ ਕਰ ਸਕਦੇ ਹਾਂ। ਜਸਪ੍ਰੀਤ ਨੇ ਖੇਤਰੀ, ਰਾਜ ਅਤੇ ਅੰਤਰਰਾਸ਼ਟਰੀ ਵਿਗਿਆਨ ਮੇਲਿਆਂ ਵਿੱਚ ਵੀ ਭਾਗ ਲਿਆ ਹੈ।

ਉਸਨੇ ਵਿਗਿਆਨ ਵਿਸ਼ੇ ਲਈ ਆਪਣੀ ਆਪਣੀ ਪੜਾਈ ਕੇਂਦਰਤ ਕੀਤੀ ਹੋਈ ਹੈ। ਇਸ ਬਾਰੇ ਪ੍ਰਾਪਤ ਜਾਣਕਾਰੀ ਅਨੁਸਾਰ ਜਸਪ੍ਰੀਤ ਸੈਂਗਰ ਵੈਸਟ ਹਾਈ ਸਕੂਲ ਦੇ ਯੂਥ ਹੈਲਥ ਕੋਰ ਦੀ ਮੈਂਬਰ ਵੀ ਹੈ। ਜੋ ਕਿ ਭਾਈਚਾਰੇ ਵਿੱਚ ਭੋਜਨ ਦੀ ਅਸੁਰੱਖਿਆ ਨੂੰ ਦੂਰ ਕਰਨ ਵਿੱਚ ਮਦਦ ਕਰਦੀ ਹੈ। ਉਸ ਪ੍ਰੋਗਰਾਮ ਨੇ ਪੂਰੇ ਸਕੂਲ ਵਿੱਚ ਭੋਜਨ ਦੀ ਅਸੁਰੱਖਿਆ ਨੂੰ ਸਮਰਥਨ ਦੇਣ ਲਈ $30,000 ਦੀ ਗ੍ਰਾਂਟ ਪ੍ਰਾਪਤ ਕੀਤੀ ਹੈ।ਪਰ ਉਸਦੀ ਮਿਹਨਤ ਇੱਥੇ ਨਹੀਂ ਰੁਕਦੀ। ਉਹ ਕੈਲੀਫੋਰਨੀਆਂ ਦੇ ਕਮਿਊਨਿਟੀ ਸਕੂਲਜ਼ ਸਲਾਹਕਾਰ ਪੈਨਲ ਦੀ ਮੈਂਬਰ ਵੀ ਹੈ, ਜੋ ਸੈਂਟਰਲ ਵੈਲੀ ਵਿੱਚ ਗਰੀਬ ਨੌਜਵਾਨਾਂ ਦੀ ਮਦਦ ਕਰਦੀ ਹੈ। ਜਸਪ੍ਰੀਤ ਨੇ ਆਪਣੇ ਸਕੂਲ ਦੀ ਸਿੱਖ ਆਨਰ ਐਂਡ ਸਰਵਿਸ ਸੁਸਾਇਟੀ ਦਾ ਆਯੋਜਨ ਵੀ ਕੀਤਾ ਹੈ, ਜੋ ਕਿ ਕੈਲੀਫੋਰਨੀਆ ਦੇ ਸਿੱਖਾਂ ਦੀ ਨੁਮਾਇੰਦਗੀ ਅਤੇ ਵਕਾਲਤ ਕਰਨ ਲਈ ਜੈਕਾਰਾ ਮੂਵਮੈਂਟ ਦਾ ਹਿੱਸਾ ਹੈ। ਜਸਪ੍ਰੀਤ ਸਹੋਤਾ ਫਰਿਜ਼ਨੋ ਇਲਾਕੇ ਦੇ ਸਮਾਜਸੇਵੀ ਪਰਿਵਾਰ ਵਿੱਚੋ ਸ. ਰਵਿੰਦਰ ਸਿੰਘ ਸਹੋਤਾ ਦੀ ਧੀ ਹੈ। ਜਿਸ ਦੀ ਉੱਚ ਵਿੱਦਿਅਕ ਯੋਗਤਾ ਅਤੇ ਇਸ ਸੁਪਰਸਟਾਰ ਮਾਣ ਮਿਲਣ 'ਤੇ ਪੰਜਾਬੀ ਭਾਈਚਾਰੇ ਦੇ ਬੱਚਿਆਂ ਲਈ ਪ੍ਰੇਰਨਾ ਅਤੇ ਸਮੁੱਚੇ ਭਾਈਚਾਰੇ ਲਈ ਮਾਣ ਵਾਲੀ ਗੱਲ ਹੈ।

# ਲੰਡਨ 'ਚ ਭਾਰਤੀ 'ਤੇ ਡਾਕ ਘਰ ਲੁੱਟਣ ਦਾ ਇਲਜ਼ਾਮ; ਨਕਲੀ ਬੰਦੂਕ ਦੀ ਮਦਦ ਨਾਲ ਦਿੱਤਾ ਅੰਜਾਮ




ਲੰਡਨ ਪੋਸਟ ਆਫਿਸ 'ਚ ਭਾਰਤੀ ਮੂਲ ਦੇ ਵਿਅਕਤੀ 'ਤੇ ਲੁੱਟ ਦਾ ਇਲਜ਼ਾਮ ਲੱਗਿਆ ਹੈ। ਇਲਜ਼ਾਮ ਹਨ ਕਿ ਉਸ ਨੇ ਇਸ ਸਾਰੀ ਘਟਨਾ ਨੂੰ ਨਕਲੀ ਬੰਦੂਕ ਦੀ ਮਦਦ ਨਾਲ ਅੰਜਾਮ ਦਿਤਾ ਹੈ। ਇਸ ਸਬੰਧੀ ਸਕਾਟਲੈਂਡ ਯਾਰਡ ਨੇ ਦਸਿਆ ਕਿ ਭਾਰਤੀ ਮੂਲ ਦੇ ਰਾਜਵਿੰਦਰ (41) ਨਾਂ ਦੇ ਵਿਅਕਤੀ ਨੇ ਵੈਸਟ ਲੰਡਨ ਦੇ ਹਾਊਸਲੋ ਸਥਿਤ ਡਾਕਘਰ 'ਚ ਜਾਅਲੀ ਬੰਦੂਕ ਦਿਖਾ ਕੇ ਮੁਲਾਜ਼ਮਾਂ ਨੂੰ ਧਮਕਾਇਆ ਅਤੇ ਫਿਰ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿਤਾ। ਇਸ ਤੋਂ ਬਾਅਦ ਉਸ ਨੂੰ 1 ਅਪ੍ਰੈਲ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕਰ ਲਿਆ ਗਿਆ। ਮੈਟਰੋਪੋਲੀਟਨ ਪੁਲਿਸ ਨੇ ਕਿਹਾ ਕਿ ਉਸ ਦੇ ਫਲਾਇੰਗ ਸਕੁਐਡ ਦੇ ਅਧਿਕਾਰੀਆਂ ਨੇ ਜਾਸੂਸਾਂ ਦੀ ਮਦਦ ਨਾਲ ਸ਼ੱਕੀ ਦੀ ਪਛਾਣ ਕੀਤੀ। 1 ਅਪ੍ਰੈਲ ਨੂੰ ਸ਼ਾਮ 6 ਵਜੇ ਦੇ ਕਰੀਬ ਰਾਜਵਿੰਦਰ ਹਾਊਸਲੋ ਦੇ ਬ੍ਰਾਬਾਜ਼ਨ ਰੋਡ 'ਤੇ ਸਥਿਤ ਡਾਕਖਾਨੇ 'ਚ ਦਾਖਲ ਹੋਇਆ। ਪੁਲਿਸ ਨੇ ਕਿਹਾ ਕਿ ਉਸ ਨੇ ਡਕੈਤੀ ਕਰਨ ਤੋ ਪਹਿਲਾਂ ਦੋ ਸਟਾਫ ਮੈਂਬਰਾਂ ਨੂੰ ਬੰਦੂਕ ਨਾਲ ਧਮਕਾਇਆ ਸੀ। ਡਕੈਤੀ ਤੋਂ ਬਾਅਦ ਪੁਲਿਸ ਨੇ ਤੁਰੰਤ ਕਾਰਵਾਈ ਕੀਤੀ ਅਤੇ ਜਾਸੂਸ ਨੇ ਵਿਆਪਕ ਜਾਂਚ ਤੋਂ ਬਾਅਦ ਸ਼ੱਕੀ ਦੀ ਪਛਾਣ ਕੀਤੀ। ਇਸ ਤੋਂ ਬਾਅਦ ਪੁਲਿਸ ਵੱਲੋਂ ਰਾਜਵਿੰਦਰ ਨੂੰ ਗ੍ਰਿਫ਼ਤਾਰ ਕਰਨ ਦੀ ਯੋਜਨਾ ਤਿਆਰ ਕੀਤੀ ਗਈ। ਉਸ ਨੂੰ 4 ਅਪ੍ਰੈਲ ਨੂੰ ਉਸ ਦੇ ਘਰੋ ਗ੍ਰਿਫ਼ਤਾਰ ਕੀਤਾ ਗਿਆ ਸੀ। ਬਿਆਨ ਵਿਚ ਕਿਹਾ ਗਿਆ ਹੈ ਕਿ ਰਾਜਵਿੰਦਰ ਨੂੰ ਸ਼ਨੀਵਾਰ 6 ਅਪ੍ਰੈਲ ਨੂੰ ਯੂਕਸਬ੍ਰਿਜ ਮੈਜਿਸਟ੍ਰੇਟ ਅਦਾਲਤ ਵਿਚ ਪੇਸ਼ ਕੀਤਾ ਗਿਆ। ਉਸ 'ਤੇ ਨਕਲੀ ਬੰਦੂਕ ਦੀ ਮਦਦ ਨਾਲ ਲੁੱਟ-ਖੋਹ ਕਰਨ ਦਾ ਇਲਜ਼ਾਮ ਹੈ। ਫਿਲਹਾਲ ਰਾਜਵਿੰਦਰ ਪੁਲਿਸ ਹਿਰਾਸਤ ਵਿਚ ਹੈ ਅਤੇ ਉਸ ਨੂੰ 6 ਮਈ ਨੂੰ ਆਇਲਵਰਥ ਕਰਾਊਨ ਕੋਰਟ ਵਿਚ ਪੇਸ਼ ਕੀਤਾ ਜਾਵੇਗਾ।

# ਅਕਾਲੀ ਦਲ ਅੰਮ੍ਰਿਤਸਰ ਨੇ ਉਮੀਦਵਾਰਾਂ ਦੀ ਦੂਜੀ ਲਿਸਟ ਕੀਤੀ ਜਾਰੀ

## ਫਿਰੋਜ਼ਪੁਰ ਤੋਂ ਭੁਪਿੰਦਰ ਸਿੰਘ ਭੁੱਲਰ ਨੂੰ ਉਮੀਦਵਾਰ ਐਲਾਨਿਆ



ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਅੱਜ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕਰ ਦਿੱਤੀ ਹੈ। ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵੱਲੋ ਜਾਰੀ ਦੂਜੀ ਸੂਚੀ ਅਨੁਸਾਰ ਲੋਕ ਸਭਾ ਹਲਕਾ ਅੰਮ੍ਰਿਤਸਰ ਸਾਹਿਬ ਤੋਂ ਇਮਾਨ ਸਿੰਘ ਮਾਨ, ਖਡੂਰ ਸਾਹਿਬ ਤੋਂ ਹਰਪਾਲ ਸਿੰਘ ਬਲੇਰ ਤੇ ਫਿਰੋਜ਼ਪੁਰ ਤੋਂ ਭੁਪਿੰਦਰ ਸਿੰਘ ਭੁੱਲਰ ਨੂੰ ਉਮੀਦਵਾਰ ਬਣਾਇਆ ਹੈ। MP ਦਫਤਰ ਸੰਗਰੂਰ ਤੋ ਪ੍ਰੈਸ ਬਿਆਨ ਜਾਰੀ ਕਰਦਿਆਂ ਲੋਕ ਸਭਾ ਦੀ ਚੋਣ ਲੜਨ ਵਾਲੇ ਪਾਰਟੀ ਦੇ ਉਮੀਦਵਾਰਾਂ ਦੀ ਲਿਸਟ ਜਾਰੀ ਕੀਤੀ ਗਈ ਹੈ। ਇਸ ਦੌਰਾਨ ਸੰਸਦ ਮੈਂਬਰ ਮਾਨ ਨੇ ਕਿਹਾ ਕਿ ਪਾਰਟੀ ਕਿਸਾਨਾਂ, ਮਜ਼ਦੂਰਾਂ, ਘੱਟ ਗਿਣਤੀ ਵਰਗ, ਅਨੁਸੂਚਿਤ ਜਾਤੀ ਵਰਗ ਦੇ ਹੱਕਾਂ ਦੀ ਰਾਖੀ, ਆਮ ਲੋਕਾਂ ਲਈ ਬਰਾਬਰ ਸਿਹਤ ਅਤੇ ਵਿੱਦਿਅਕ ਸਹੂਲਤਾਂ ਦੇ ਮੁੱਦਿਆਂ 'ਤੇ ਲੋਕ ਸਭਾ ਚੋਣਾਂ ਲੜੇਗੀ। ਉਨ੍ਹਾਂ ਅੱਗੇ ਕਿਹਾ ਕਿ ਲੋਕ ਇਸ ਵਾਰ ਦਿੱਲੀ ਪੱਖੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਹਰਾ ਕੇ ਲੋਕਾਂ ਦੇ ਹਿੱਤਾਂ ਲਈ ਖੜਨ ਵਾਲੇ ਉਮੀਦਵਾਰਾਂ ਨੂੰ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ। ਉਨ੍ਹਾਂ ਨੂੰ ਪਾਰਟੀ ਨੇ ਫਿਰੋਜ਼ਪੁਰ ਤੋ ਆਪਣਾ ਉਮੀਦਵਾਰ ਐਲਾਨਿਆ ਹੈ।

# ਕਾਰਾ ਚੋਰੀ ਰੋਕਣ ਸਬੰਧੀ ਜਾਣਕਾਰੀ ਦੇਣ ਲਈ ਓਨਟਾਰੀਓ ਪੁਲਿਸ ਦੀ ਕੈਲੇਡਨ-ਵਾਸੀਆਂ ਨਾਲ ਹੋਈ ਮਹੱਤਵਪੂਰਨ ਮੀਟਿੰਗ



ਕੈਲੇਡਨ, (ਡਾ. ਝੰਡ) - ਓਨਟਾਰੀਓ ਸੂਬੇ ਵਿੱਚ ਕਾਰਾਂ ਦੀ ਚੋਰੀ ਦੀਆਂ ਘਟਨਾਵਾਂ ਦਾ ਹੋਣਾ ਆਮ ਜਿਹਾ ਵਰਤਾਰਾ ਬਣ ਗਿਆ ਲੱਗਦਾ ਹੈ। ਮਹਿੰਗੀਆਂ ਗੱਡੀਆਂ ਚੋਰੀ ਹੋ ਕੇ ਵਿਦੇਸ਼ਾਂ ਵਿਚ ਭੇਜੇ ਜਾਣ ਦੀਆਂ ਖ਼ਬਰਾਂ ਵੀ ਲੋਕਾਂ ਨੂੰ ਵੇਖਣ ਸੁਣਨ ਨੂੰ ਮਿਲ ਰਹੀਆਂ ਹਨ। ਕਾਰਾਂ ਦੀ ਇਸ ਚੋਰੀ ਨੂੰ ਰੋਕਣ ਲਈ ਓਨਟਾਰੀਓ ਪ੍ਰੋਵਿੰਸ ਪੁਲੀਸ (ਓ.ਪੀ.ਪੀ.) ਵੱਲੋ ਕਈ ਯਤਨ ਕੀਤੇ ਜਾ ਰਹੇ ਹਨ। ਲੋਕਾਂ ਨੂੰ ਇਸ ਦੇ ਬਾਰੇ ਜਾਗਰੂਕ ਕਰਨ ਅਤੇ ਲੋੜੀਦੀਆਂ ਸਾਵਧਾਨੀਆਂ ਵਰਤਣ ਬਾਰੇ ਉਨ੍ਹਾਂ ਨਾਲ ਮੀਟਿੰਗਾਂ ਕਰਕੇ ਲੋੜੀਂਦੀ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਹੈ। ਕਾਰ ਚੋਰੀ ਦੇ ਇਸ ਵੱਧਦੇ ਰੁਝਾਨ ਨੂੰ ਨੱਥ ਪਾਉਣ ਲਈ ਅਜਿਹੀ ਹੀ ਇੱਕ ਇਕੱਤਰਤਾ ਦਾ ਆਯੋਜਨ ਕੈਲੇਡਨ ਦੇ ਸਥਾਨਕ ਭਾਈਚਾਰੇ ਨਾਲ ਓਨਟਾਰੀਓ ਪੁਲੀਸ ਦੀ ਕੈਲੇਡਨ ਬਰਾਂਚ ਵੱਲੋ ਲੰਘੇ ਮੰਗਲਵਾਰ 2 ਅਪ੍ਰੈਲ ਨੂੰ ਸਾਊਥ ਫ਼ੀਲਡ ਕਮਿਊਨਿਟੀ ਸੈਂਟਰ ਵਿੱਚ ਕੀਤਾ ਗਿਆ। ਇੱਥੇ ਇਹ ਦੱਸਣਾ ਬਣਦਾ ਹੈ ਕਿ ਜਿੱਥੇ ਓ.ਪੀ.ਪੀ. ਕਾਰ-ਚੋਰੀ ਦੇ ਇਸ ਰੁਝਾਨ ਨੂੰ ਰੋਕਣ ਲਈ ਯਤਨਸ਼ੀਲ ਹੈ, ਉੱਥੇ ਸਥਾਨਕ ਭਾਈਚਾਰਾ ਵੀ ਇਸ ਪ੍ਰਤੀ ਕਾਫ਼ੀ ਗੰਭੀਰ ਹੈ ਅਤੇ ਪੁਲੀਸ ਨੂੰ ਉਸ ਦੇ ਵੱਲੋ ਮਿਲਵਰਤਣ ਦਾ ਭਰਪੂਰ ਹੁੰਗਾਰਾ ਮਿਲ ਰਿਹਾ ਹੈ। ਲੋਕ ਇਨ੍ਹਾਂ ਮੀਟਿੰਗਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈ ਰਹੇ ਹਨ।

ਕੈਲੇਡਨ ਵਿੱਚ ਹੋਈ ਇਸ ਮੀਟਿੰਗ ਵਿੱਚ ਵੀ ਲੋਕ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਅਤੇ ਉਨ੍ਹਾਂ ਵੱਲੋ ਪੁਲੀਸ ਨੂੰ ਹਰ ਪ੍ਰਕਾਰ ਦੇ ਸਹਿਯੋਗ ਦਾ ਭਰੋਸਾ ਦਿੱਤਾ ਗਿਆ। ਕਾਰਾਂ ਦੀਆਂ ਚਾਬੀਆਂ ਦੀ ਸਹੀ ਸੰਭਾਲ ਲਈ ਪੁਲੀਸ ਵੱਲੋ ਉਨ੍ਹਾਂ ਨੂੰ ਸੁਰੱਖਿਅਤ 'ਕੀ-ਪਾਊਚ' ਦਿੱਤੇ ਗਏ। ਇਸ ਮਹੱਤਵਪੂਰਵਕ ਇਕੱਤਰਤਾ ਵਿੱਚ ਕੈਲੇਡਨ ਸੀਨੀਅਰਜ਼ ਕਲੱਬ ਦੇ ਪ੍ਰਧਾਨ ਜਸਵੰਤ ਸਿੰਘ ਗਰੇਵਾਲ, ਗੁਰਦੇਵ ਸਿੰਘ ਸੇਖੋਂ, ਨਿਰਵੈਰ ਸਿੰਘ, ਧਰਮ ਸਿੰਘ ਭੰਗੂ, ਬਲਦੇਵ ਸਿੰਘ, ਤਰਲੋਚਨ ਸਿੰਘ ਗਰੇਵਾਲ, ਜਸਪਾਲ ਸਿੰਘ, ਸੁਰਜੀਤ ਸਿੰਘ ਵੜੈਚ, ਗੁਰਨਾਮ ਸਿੰਘ, ਹਰਚਰਨ ਸਿੰਘ ਟਿਵਾਣਾ, ਭੂਸ਼ਨ ਕੁਮਾਰ, ਕੁਲਦੀਪ ਸਿੰਘ ਮੈਨੇਜਰ, ਮਲੂਕ ਸਿੰਘ ਕਾਹਲੋਂ, ਹੁਨਰ ਕਾਹਲੋਂ ਸਮੇਤ ਕਈ ਨੌਜੁਆਨ ਅਤੇ ਸੀਨੀਅਰਜ਼ ਵਿਸ਼ੇਸ ਤੌਰ 'ਤੇ ਸ਼ਾਮਲ ਹੋਏ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
100% NATURAL PRODUCT
PRODUCT OF CANADA
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੌਲ ਨੂੰ ਘਟਾਉਣ ਵਿਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈਕ ਸਕਦੇ ਹੋ
Bestway Food Market, 20 Red Maple Dr., Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

**Editor:**
Simrat Grewal
905-673-7666

**Marketing Director:**
Lakhwinder Singh Sandhu
647-400-7314

**Senior Advisors:**
Harkirat Singh
Abnash Nijjor
Davinder Sandhu
Onkar Grewal

**Technical Director :**
Bobby Bhamra

**Accounts Advisor:**
Sandeep Assi (CGA)
905-450-8999

**Correspondant:**
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

**Registered Office:**
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

**Annual Subscription**
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

# ਜਦੋਂ ਭਾਵਨਾਵਾਂ ਭੜਕਾਈਆਂ ਜਾਣ...!

## ਬੁੱਧ ਚਿੰਤਨ



ਬੁੱਧ ਸਿੰਘ ਨੀਲੋਂ
94643-70823

ਮਨੁੱਖਤਾ ਵਿਰੋਧੀ ਤਾਕਤਾਂ ਨੇ ਤੰਦੂਰ ਬਾਲ ਲਿਆ ਹੈ । ਇਸ ਤੰਦੂਰ ਦੇ ਵਿੱਚ ਬਾਲਣ ਪਾਉਣ ਵਾਲੀਆਂ ਕਠਪੁਤਲੀਆਂ ਨੇ ਆਲੇ ਦੁਆਲੇ ਤਾਂਡਵ ਨਾਚ ਸ਼ੁਰੂ ਕਰ ਦਿੱਤਾ ਹੈ । ਕੋਈ ਵੀ ਘੱਟ ਨਹੀਂ ਨਾ ਧਰਮ, ਨਾ ਸਮਾਜ, ਨਾ ਹੀ ਸਿਆਸਤ ਸਭ ਆਪੋ ਆਪਣੀ ਸ਼ਬਦ ਜੁਗਾਲੀ ਰਾਹੀ ਲਾਂਬੂ ਲਾ ਰਹੇ ਹਨ । ਜ਼ਿੰਦਗੀ ਦੇ ਨਾਲ ਜੁੜੇ ਅਸਲ ਮੁੱਦਿਆਂ ਤੋਂ ਧਿਆਨ ਭਟਕਾਉਣ ਦੇ ਲਈ ਇਹ ਸਭ ਕੁੱਝ ਕਰਵਾਇਆ ਜਾ ਰਿਹਾ ਹੈ । ਧਰਮ ਸਿਆਸਤ ਦੀ ਪੈਰ ਦੀ ਜੁੱਤੀਆਂ ਬਣ ਗਿਆ ਹੈ । ਧਰਮੀ ਲੋਕ ਭੁੱਲ ਗਏ ਹਨ, ਧਰਮ ਤੇ ਕਰਮ ਦੇ ਅਰਥ। ਹੁਣ ਫੇਰ ਧਰਮ ਨੇ ਇਹ ਸਿਆਸਤ ਦੇ ਨਾਲ ਰਲ ਕੇ ਅੱਗ ਬਾਲੀ ਹੈ । ਭਾਵਨਾਵਾਂ ਨੂੰ ਭੜਕਾਉਣ ਦੇ ਲਈ ਹਰ ਰੋਜ਼ ਤੇਲ ਤੇ ਬਾਲਣ ਪਾ ਰਹੇ ਹਨ । ਪੰਜਾਬ ਦੀ ਪੱਗ ਹੱਥ ਵਿੱਚ ਹੈ, ਇਹ ਹੁਣ ਸੱਥਾਂ, ਕਚਹਿਰੀਆਂ ਤੇ ਥਾਣਿਆਂ ਦੇ ਵਿੱਚ ਨਾ ਰੁਲੇ । ਸਮੇਂ ਦੇ ਹਾਕਮ ਤੇ ਮਨੁੱਖਤਾ ਵਿਰੋਧੀ ਤਾਕਤਾਂ ਹੁਣ ਫੇਰ ਭਾਵਨਾਵਾਂ ਨੂੰ ਭੜਕਾਉਣ ਦੀਆਂ ਚਾਲਾਂ ਤੇ ਸਾਜਿਸ਼ਾਂ ਰਚਣਗੇ । ਸੰਭਲੋ ਪੰਜਾਬੀਓ ! ਪਛਾਣੋ ਇਹਨਾਂ ਮਖੌਟੇ ਧਾਰੀਆਂ ਨੂੰ । ਇਹ ਤੁਹਾਡੇ ਹਮਦਰਦ ਨਹੀਂ ਸਗੋਂ ਇਹ ਰਾਖਸ਼ਸ਼ ਹਨ । ਲਹੂ ਪੀਣੀਆਂ ਜੋਕਾਂ ਹਨ । ਇਹਨਾਂ ਦੇ ਉਪਰ ਲੂਣ ਸੁੱਟੋ । ਬਚੋ ! ਬਚੋ ! ਮਦਾਰੀ ਫੇਰ ਆ ਗਏ ਹਨ ! ਧਰਮ ਦਾ ਖੇਲ ਲੈ ਕੇ । ਮਸਲਾ ਰੋਜ਼ੀ, ਰੋਟੀ, ਸਵੈਮਾਨ ਤੇ ਸੁਰੱਖਿਆ ਦਾ ਹੈ। ਇਸਦੇ ਲਈ ਸੋਚੋ ਤੇ ਨਵੇਂ ਰਸਤੇ ਲੱਭੋ । ਮਨੁੱਖਤਾ ਵਿਰੋਧੀ ਤਾਕਤਾਂ ਨੇ ਇਕ ਬਾਰ ਫੇਰ ਮੰਚ ਸਜਾਇਆ ਹੈ । ਹੁਣ ਮਗਰਮੱਛ ਤੇ ਘੜਿਆਲ ਹੰਝੂ ਕੇਰਨਗੇ ਤੇ ਗਿਰਗਟੀ ਰੰਗ ਬਦਲਣਗੇ । ਭਾਵਨਾਵਾਂ ਨੂੰ ਭੜਕਾਉਣਗੇ ਤੇ ਤੰਦੂਰ ਉਤੇ ਸਿਆਸੀ ਤੇ ਧਰਮ ਦੀਆਂ ਰੋਟੀਆਂ ਸੇਕਣਗੇ। ਇਹ ਸੱਚ ਹੈ ਕਿ ਭਾਵਨਾਵਾਂ ਭੜਕਦੀਆਂ ਨਹੀਂ, ਸਗੋਂ ਇਹ ਭੜਕਾਈਆਂ ਜਾਂਦੀਆਂ ਹਨ। ਅੱਗ ਲੱਗਦੀ ਨਹੀਂ, ਸਗੋਂ ਲਾਈ ਜਾਂਦੀ ਹੈ। ਗੱਲ ਜੇ ਸਮਝ ਨਾ ਲੱਗੇ ਤਾਂ ਕਈ ਢੰਗ ਤਰੀਕਿਆਂ ਨਾਲ ਸਮਝਾਈ ਜਾਂਦੀ ਹੈ। ਤਰੀਕਾ ਨਰਮ ਤੇ ਗਰਮ ਕੋਈ ਵੀ ਹੋ ਸਕਦਾ ਹੈ। ਪਰ ਗੱਲ ਤਾਂ ਸਮਝ ਤੇ ਸਮਝਾਉਣ ਦੀ ਹੈ ।ਹੁਣ ਇਹ ਪਤਾ ਨਹੀਂ ਕਿਸ ਵਾਸਤੇ ਇਹ ਹੈ ਪਰ ਗੱਲ ਕਮਾਲ ਦੀ ਹੈ ? * ਅਕਲਾਂ ਬਾਂਝੋਂ ਖੂਹ ਖਾਲੀ. !*

ਹੁਣ ਖੂਹ ਤਾਂ ਰਹੇ ਨਹੀਂ ਪਰ ਮਸਲੇ ਵੱਡੇ ਹੋ ਗਏ ਹਨ। ਵੱਡੇ ਸਿਰਾਂ ਦੀ ਵੱਡੀ ਪੀੜ । ਸਿਆਣੇ ਕਹਿੰਦੇ ਹਨ ਕਿ –

**ਜੇ ਗਧੇ ਨੂੰ ਖੂਹ ਵਿੱਚ ਸਿੱਟਣਾ ਹੋਵੇ ਤਾਂ ਉਹਨੂੰ ਕੰਨਾਂ ਤੋਂ ਫੜਕੇ ਮੂਹਰੇ ਖਿੱਚੀ ਦਾ ਹੈ !**

ਇਹ ਗੱਲਾਂ ਬੇਬੇ ਪੰਜਾਬੋ ਆਖਿਆ ਕਰਦੀ ਸੀ । *.ਲਾਈਲੱਗ ਨਾ ਹੋਵੇ ਘਰਵਾਲਾ ਤੇ ਚੰਦਰਾ ਗੁਆਂਢ ਬੁਰਾ। *

ਮਾੜਾ ਸਲਾਹਕਾਰ ਵੀ ਬੰਦੇ ਨੂੰ ਮਾਰ ਲੈਂਦਾ ਹੈ...!* ਕਿਸੇ ਦੀ ਦਿੱਤੀ ਪੁੱਠੀ ਸਲਾਹ ਵੀ ਖੂਹ ਵਿੱਚ ਲੈ ਡਿੱਗਦੀ ਹੈ !

ਕਈ ਵਾਰ ਲੱਗਦਾ ਕਿ ਸਾਡੀਆਂ ਭਾਵਨਾਵਾਂ ਏਨੀਆਂ ਕਮਜ਼ੋਰ ਹਨ ? ਜਿਹੜੀਆਂ ਨਿੱਕੀਆਂ ਗੱਲਾਂ ਉਤੇ ਤਾਂ ਵੰਲੂਧਰੀਆਂ ਜਾਂਦੀਆਂ ਹਨ ਤੇ ਭੜਕ ਪੈਂਦੀਆਂ ਹਨ। ਪਰ ਸੱਚ ਕੁੱਝ ਹੋਰ ਹੈ ਤੇ ਹੁੰਦਾ । ਸਾਨੂੰ ਕਿਉਂ ਨਹੀਂ ਅਕਲ ਆਉਂਦੀ ? ਅਸੀਂ ਅਤੀਤ ਤੋਂ ਹੁਣ ਤੱਕ ਕਿਉਂ ਨਹੀਂ ਕੁੱਝ ਸਿੱਖਿਆ ? ਅਸੀਂ ਸੂਰਜ ਵੱਲ ਪਿੱਠ ਕਿਉਂ ਕਰੀ ਖੜੇ ਹਾਂ ? ਅਸੀਂ ਅੱਗੇ ਜਾਣ ਦੀ ਵਜਾਏ ਪਿੱਛੇ ਵੱਲ ਕਿਉਂ ਦੌੜ ਰਹੇ ਹਾਂ ? ਸਾਡਾ ਗਿਆਨ ਦਾ ਨੇਤਰ ਕਿਉਂ ਬੰਦ ਹੋਇਆ ਪਿਆ ਹੈ ? ਪਿਛਲੇ ਸਾਲ ਪੰਜਾਬ ਕੈਪਟਨ ਦੀ ਕਿਰਪਾ ਨਾਲ * ਸਿੱਖਿਆ ਦੇ ਪੱਖੋਂ ਪੰਜਾਬ ਦੇਸ ਵਿੱਚ ਪਹਿਲੇ ਨੰਬਰ ਉਤੇ ਲਿਆਂਦਾ ਹੈ।* ਸਿੱਖਿਆ ਆਦਾਰੇ ਬੰਦ ਸਨ ਆਨ ਲਾਈਨ ਪੜ੍ਹਾਈ ਸੀ, ਨਕਲ ਦੀ ਦੁਹਾਈ ਸੀ ਤੇ ਸਿੱਖਿਆ ਵਿਭਾਗ ਅੱਗੇ ਵੱਧ ਰਿਹਾ ਸੀ ! ਗੱਲ ਸੋਚਣ ਵਾਲੀ ਸੀ ਪਰ ਸੋਚੇ ਕੌਣ ? ਸਾਡੇ ਅੰਦਰਲੇ ਮਨੁੱਖ ਨਾਲੋਂ ਬਾਹਰਲੇ ਮਨੁੱਖ ਸ਼ੈਤਾਨ ਹਨ...ਜਿਹੜੇ ਸਾਨੂੰ ਹਰ ਮੌਸਮ ਦੇ ਵਿੱਚ ਬੇਮੌਸਮੀ ਸਬਜ਼ੀਆਂ ਵਾਂਗੂੰ ਵੇਚ ਜਾਂਦੇ ਹਨ। ਅਸੀਂ ਮੰਡੀ ਦੀਆਂ ਵਸਤੂਆਂ ਵਾਂਗੂੰ ਸਿਰਫ ਵਿਕਣ ਵਾਸਤੇ ਹੀ ਹਾਂ ?



ਹੁਣ ਤੱਕ ਸੁਣਦੇ ਆਏ ਹਾਂ ਕਿ ਮੰਡੀ ਵਿੱਚ ਫਸਲਾਂ ਵਿਕਦੀਆਂ ਹਨ ਪਰ ਹੁਣ ਤੇ ਅਕਲਾਂ, ਸ਼ਕਲਾਂ ਤੇ ਨਸਲਾਂ ਵਿਕ ਰਹੀਆਂ ਹਨ। ਮੰਡੀ ਦੇ ਦਲਾਲ ਸਾਨੂੰ ਵੇਚ ਕੇ ਆਪਣੀ ਦਲਾਲੀ ਖਰੀ ਕਰਦੇ ਹਨ। ਅਸੀ ਬਾਰਦਾਨਿਆਂ ਵਿੱਚ ਪੈ ਕੇ ਗੋਦਾਮਾਂ ਵਿੱਚ ਪੁਜ ਜਾਂਦੇ ਹਾਂ । ਇਹਨਾਂ ਗੋਦਾਮਾਂ ਦੇ ਵਿੱਚੋ ਸਮੇਂ ਸਮੇਂ ਰੁੱਤ ਮੁਤਾਬਿਕ ਵਪਾਰੀ ਸਾਨੂੰ ਫੇਰ ਮੰਡੀ ਵਿੱਚ ਵੇਚਦੇ ਹਨ ਤੇ ਮੁਨਾਫ਼ਾ ਖੱਟ ਦੇ ਹਨ। ਮਨੁੱਖ ਭਾਵਨਾਵਾਂ ਵਿੱਚ ਵਗਣ ਵਾਲਾ ਦਰਿਆ ਹੁੰਦਾ । ਜਿਹੜਾ ਹੜ੍ਹ ਦੇ ਨਾਲ ਆਪਣੀ ਦਿਸ਼ਾ ਬਦਲ ਲੈਂਦਾ ? ਅਸੀਂ ਹਰ ਵਾਰ ਦਿਸ਼ਾਹੀਣ ਕਿਉ ਹੁੰਦੇ ਹਾਂ ? ਅਸੀਂ ਮਨੁੱਖ ਤੋਂ ਕਠਪੁਤਲੀਆਂ ਵਿੱਚ ਕਿਉਂ ਬਦਲ ਜਾਂਦੇ ਹਾਂ ? ਇਨ੍ਹਾਂ ਗੱਲਾਂ ਦਾ ਜਿਹਨਾਂ ਦੇ ਕੋਲ ਜਵਾਬ ਹੈ...ਉਹ ਚੁੱਪ ਹਨ। ਅਸੀਂ ਉਦੋਂ ਤੱਕ ਵਰਤੇ ਜਾਂਦੇ ਰਹਾਂਗੇ ? ਜਦ ਤੱਕ ਆਪਣੀ ਅਕਲ ਤੋਂ ਕੰਮ ਨਹੀਂ ਲੈਂਦੇ ! ਅਸੀਂ ਸਦਾ ਹੀ ਭਾਵਨਾਵਾਂ ਦੇ ਵਹਿਣ ਵਿੱਚ ਵਗਣ ਵਾਲੇ ਹਨ.ਨਫਾ ਨੁਕਸਾਨ ਦਾ ਕਦੇ ਫਿਕਰ ਨਹੀਂ ਕਰਦੇ। ਜਿਧਰ ਨੂੰ ਤੁਰੇ ਹੜ੍ਹ ਬਣ ਜਾਂਦੇ ਹਨ ਪਰ ਫੇਰ ਘਾਟਾ ਹੋਵੇ ਜਾ ਫਿਰ ਮੌਤ ! ਕੋਈ ਫਰਕ ਨਹੀਂ ਦੇਖਦੇ...ਇਹ ਜੱਟ ਦੇ ਗੰਨਾ ਨੀ ਪੱਟਣ ਦੇਦੇ ਭੇਲੀ ਦੇ ਦੇਦੇ ਆ ! ਹਰੀ ਕ੍ਰਾਂਤੀ ਲਿਆਉਣ ਵਾਲਿਆਂ ਨੇ ਕਦੇ ਸੋਚਿਆ ਵੀ ਨਹੀਂ ਕਿ ਅਸੀਂ ਆਪਣੀਆਂ ਹੀ ਨਸਲਾਂ ਤੇ ਫਸਲਾਂ ਦੇ ਹੀ ਨਹੀਂ ਸਗੋਂ ਅਸੀਂ ਪੌਣ ,ਪਾਣੀ, ਧਰਤੀ ਤੇ ਕੁੱਖ ਦੇ ਕਾਤਲ ਬਣ ਜਾਵਾਂਗੇ ? ਸਾਨੂੰ ਮੁਨਾਫ਼ੇ, ਲਾਲਸਾ ਤੇ ਲਾਲਚ ਨੇ ਮਾਰਿਆ ਜਾਂ ਮਰਵਾਇਆ ਹੈ ? ਸਰਕਾਰ ਦੇ ਦਲਾਲਾਂ ਨੇ ਸਾਨੂੰ ਫਸਾਇਆ ।ਅਗਲਿਆਂ ਨੇ ਵੱਧ ਝਾੜ ਲੈਣ ਦੇ ਲਾਲਚ ਵਿੱਚ ਹੀ ਰਾੜ ਦਿੱਤੇ, ਫੇਰ ਵੰਝ ਉਤੇ ਚਾੜ ਦਿੱਤੇ ।

ਹੁਣ ਘੁੰਮਦੇ ਹਾਂ ਦੋ ਫਸਲਾਂ ਤੇ ਦੋ ਸਿਆਸੀ ਪਾਰਟੀਆਂ ਦੇ ਚੱਕਰ ਵਿੱਚ ! ਕਦ ਮੁਕੇਗਾ ਇਹ ਚੱਕਰ ਕੋਈ ਬਦਲ ਨਜ਼ਰ ਨਹੀਂ ਆਉਂਦਾ ?

...ਦੇਸੀ ਜੱਟ ਤੇ ਘੁਲਾੜੀ ਪੱਟ..
ਲੱਗੇ ਖੋਲਣ ਡੱਟ...
ਕੌਣ ਕਿਸੇ ਤੋਂ ਘੱਟ ...
ਅਗਲਿਆਂ ਕੱਢ ਤੇ ਵੱਟ....!

ਜਿਹਨਾਂ ਨੂੰ ਪਤਾ ਸੀ...ਉਹਨਾਂ ਦੀ ਹਾਲਤ ਦੀਦਾਰ ਸੰਧੂ ਦੇ ਗੀਤ ਵਰਗੀ ਸੀ –* ਖੱਟੀ ਖੱਟ ਗਏ ਮੁਰੱਬਿਆਂ ਤੇ ਅਸੀ ਰਹਿ ਗਏ ਭਾਅ ਪੁੱਛਦੇ...!*

ਕ ਮਾ ਈ ਸਿਆਸੀ ਤ ਵਪਾ ਰੀ ਕਰਗੇ ! ਉਹ ਸੀ ਸਿਆਸਤਦਾਨ ਸਨ ਤੇ ਅਸੀਂ ਬਣੇ ਰਹੇ ਵੋਟਰ,ਸਪੋਰਟ ਪ੍ਰਮੋਟਰ...! ਹੁਣ ਦੱਸੋ ਕਿਹੜਾ ਪਾਸਾ ਅਸੀਂ ਛੱਡਿਆ ਹੈ ਸਮਾਜ ਦਾ ? ਸਾਰੇ ਪਾਸੇ ਤਬਾਹੀ ਲਿਆ ਦਿੱਤੀ ਤੇ ਸਾਡੀ ਸੋਚ, ਸਮਝ ਪਹਿਰਾਵਾ,ਖਾਣ ਪੀਣ.ਜੀਣ ਥੀਣ.ਮਰਨਾ ਜੰਮਣਾ.ਗੀਤ ਸੰਗੀਤ, ਸਾਹਿਤ, ਸਿਖਿਆ , ਸੱਭਿਆਚਾਰ, ਬੋਲ ਚਾਲ ਆਦਿ ! ਸਭ ਕੁੱਝ ਤਬਾਹ ਕਰ ਦਿੱਤਾ ਹੈ ! ਹੁਣ ਅਸੀਂ ਕੀਰਨੇ ਪਾ ਰਹੇ ਤੇ ਹਰੀ ਕ੍ਰਾਂਤੀ ਨੂੰ ਕੋਸ ਰਹੇ ਹਾਂ ! ਕਾਤਲ ਬੇਗਾਨੇ ਨਹੀਂ ਸਨ ਸਾਡੇ ਹੀ ਖੂਨ ਤੇ ਅਖੂਨ ਦੇ ਰਿਸ਼ਤੇਦਾਰ ਹਨ। ਜਿਹਨਾਂ ਨੇ ਅੱਜ ਇਸ ਮੋੜ ਤੇ ਲਿਆ ਕੇ ਖੜ੍ਹਾ ਦਿੱਤੇ ਨਾ ਅੱਗੇ ਜਾਣ ਜੋਗੇ ਤੇ ਪਿੱਛੇ ਮੁੜਣ ਜੋਗੇ ਛੱਡੇ ਆ ! ਅਸੀਂ ਦੋਸ਼ ਇੱਕ ਦੂਜੇ ਤੇ ਲਾ ਕੇ ਪਾਸਾ ਵੱਟਦੇ ਰਹੇ..ਪਰ ਸਹੀ ਗ਼ਲਤ ਨੂੰ ਕਹਿਣ ਦਾ ਦਮ ਖਤਮ ਕਰਦੇ ਗਏ, ਨਤੀਜੇ ਸਾਹਮਣੇ ਆ ਗਏ ! ਸਾਨੂੰ ਅਕਲ ਨਹੀਂ ਆਉਂਦੀ । ਕਿਆ ਬਾਤ ਹੈ ਕਿ ਸਮਾਜ ਗੰਦਲਾ ਕਰਨ ਵਾਲੇ ਵੀ ਤੇ ਸਾਫ ਕਰਨ ਵਾਲੇ ਵੀ ਅਸੀਂ ਆਪ ਹੀ ਹਾਂ ਪਰ ਸਾਡੀ ਗੱਡੀ ਦੀ ਚਾਬੀ ਤੇ ਜੀਵਨ ਦੀ ਡੋਰ ਕਿਸੇ ਹੋਰ ਦੇ ਹੱਥ ਵਿੱਚ ਸੀ..ਪਤਾ ਸਾਨੂੰ ਵੀ ਕਿ ਅਸੀਂ ਵਰਤੇ ਜਾ ਰਹੇ ਹਾਂ ਪਰ ਅਸੀਂ ਲਾਲਸਾ ਤੇ ਵਸ ਪੈ ਗਏ ਜਾ ਪਾ ਦਿੱਤੇ..ਗੱਲ ਇੱਕੋ ਹੈ ! ਅਸੀਂ ਗਿਆਨੀ ਤੇ ਧਿਆਨੀ ਹਾਂ ਪਰ ਅਸੀਂ ਇੱਕਮੁੱਠ ਨਾ ਹੋਏ ! ਸਿਆਸੀ, ਕਿਸਾਨ, ਮਜ਼ਦੂਰ , ਮੁਲਾਜ਼ਮ, ਸਮਾਜਕ, ਧਾਰਮਿਕ ਜੱਥੇਬੰਦੀਆਂ ਬਣੀਆਂ । ਪਾੜੋ ਤੇ ਰਾਜ ਕਰੋ..ਦੀ ਨੀਤੀ ਹਰ ਥਾਂ ਭਾਰੂ ਰਹੀ.ਹਰ ਖੇਤਰ ਵਿੱਚ ਹਾਲਤ * ਨੌਂ ਪੂਰਬੀਏ ਅਠਾਰਾਂ ਚੁੱਲੇ * ਵਾਲੀ ਗੱਲ ਬਣ ਗਈ..ਨਤੀਜੇ ਜ਼ੀਰੋ ਤੇ ਆਗੂ ਤੇ ਸ਼ੈਤਾਨ ਹਨ।

* ਕੂੜੇ ਦੇ ਢੇਰ * ਵਧ ਦੇ ਗਏ !

ਰਾਜ ਦੇ ਗਦਾਰ ਰਾਜ ਗੱਦੀ ਤੱਕ ਪੁਜ ਗਏ ਤੇ ਦੇਸ਼ ਭਗਤ ਬੁਰਕੀ ਬੁਰਕੀ ਤਰਸਣ ਲੱਗ ਪਏ !

ਅਸੀਂ ਵਿਰਸੇ ਤੇ ਵਿਰਾਸਤ ਦਾ ਮਾਣ ਕਰਦੇ ਹਾਂ ਪਰ ਵਰਤਮਾਨ ਵਿੱਚ ਲੋਕਾਂ ਦੀ ਭਾਵਨਾਵਾਂ ਹੀ ਨਹੀਂ ਸਗੋਂ ਉਨ੍ਹਾਂ ਦੀ ਕਿਰਤ ਤੇ ਇੱਜ਼ਤ ਲੁੱਟ ਦੇ ਰਹੇ...! ਲੁੱਟਣ ਤੇ ਕੁੱਟਣ ਵਾਲੇ, ਨੰਗ ਭੁੱਖ ਤੇ ਬੀਮਾਰੀ ਨਾਲ ਮਰਨ ਵਾਲੇ ਵੀ ਆਪਾਂ ਹੀ ! ਲੋਕਾਂ ਦੀ ਆਵਾਜ਼ ਬਣ ਜਾਣ ਵਾਲੇ ਹਾਸ਼ੀਏ ਤੇ ਚਲੇ ਗਏ ! ਸਿਖਿਆ ਤੇ ਸਿਹਤ ਦੇ ਅਦਾਰੇ ਵਪਾਰੀ ਬਣ ਗਏ ! ਅਸੀਂ ਗਿਆਨ ਤੇ ਅਕਲ ਵਿਹੂਣੇ ਹੋ ਗਏ ਹਾਂ !

ਇਹਨਾਂ ਦੇ ਮਾਲਕ, ਅਧਿਕਾਰੀ ਤੇ ਕਰਮਚਾਰੀ ਬੁੱਚੜ ਬਣ ਗਏ ! ਇਹ ਆਪਣਿਆਂ ਦਾ ਸਰੀਰਕ , ਮਾਨਸਿਕ ਤੇ ਆਰਥਿਕ ਸੋਸ਼ਣ ਕਰਨ ਲੱਗੇ ! ਨੈਤਿਕਤਾ ਖੰਭ ਲਾ ਕੇ ਉਡ ਗਈ ਜਾ ਸ਼ਰਮ ਲਾ ਕੇ ਜੇਬ ਚ ਪਾ ਲਈ ! ਇਕ ਦੂਜੇ ਨੂੰ ਮਾਰ ਕੇ ਅੱਗੇ ਵਧਣ ਦੀ ਪਰਵਿਰਤੀ ਵਧੀ... ! ਨਿੱਜੀ ਅਦਾਰੇ ਅਸਮਾਨ ਵੱਲ ਤੇ ਜਨਤਕ ਅਦਾਰੇ ਪਤਾਲ ਵੱਲ ਵਧਣ ਲੱਗੇ ! ਹੁਣ ਤੇ ਹਾਲਾਤ ਹੀ ਭੁੱਖ ਤੇ ਦੁੱਖ ਨਾਲ ਮਰਨ ਵਾਲੇ ਹਨ ! ਘਰਾਂ ਦੇ ਵਿੱਚੋਂ ' ਘਰ * ਖਤਮ ਹੋ ਕੇ ਮਕਾਨ ਤੇ ਦੁਕਾਨਾਂ ਵਿੱਚ ਬਦਲ ਗਏ !ਘਰ ਪੱਕੇ ਹੋ ਗਏ ਤੇ ਮਨ ਕੱਚੇ ਹੋ ਗਏ ..ਕੋਈ ਪਹਿਰਾਵਾ ਬਦਲ ਕੇ * ਪੱਕੇ* ਹੋ ਗਏ ! ਜਿੰਨ੍ਹਾਂ ਦੀ ਚਿੱਟੀ ਦਾਹੜੀ ਸੀ ਤੇ ਚਿੱਟੇ ਵਸਤਰ ਸੀ ਤੇ ਸ਼ਸਤਰ ਸੀ ਉਹ ਹਰ ਪਾਸੇ ਕਾਬਜ਼ ਹੋ ਗਏ , ਧਰਮ ਦੇ ਨਾਮ ਉਤੇ ਵਪਾਰ. ਹੋਣ ਲੱਗਿਆ । ਵਪਾਰ ਦੇ ਨਾਮ ਉਤੇ ਕਿਰਤ ਖੋਹੀ ਕਿਰਤੀ ਖੋਹ ਕੇ ਭਿਖਾਰੀ ਬਣਾ ਦਿੱਤੇ !

ਲੋਕਾਂ ਨੂੰ ਖਵਾ ਕੇ ਰੱਬ ਸ਼ੁਕਰ ਕਰਨ ਵਾਲਿਆਂ ਦੇ ਹੱਥ ਠੂਠੇ ਫੜਾ ਦਿੱਤੇ...ਗਿਆਨ ਵਿਹੂਣੇ ਆਗਿਆਨੀ ਸਿਖਿਆ ਸਾਸ਼ਤਰੀ ਬਣ ਬੈਠੇ ..ਸਿਖਿਆ ਦੇ ਮੰਦਰ ਬੁੱਚੜਖਾਨਿਆਂ ਵਿੱਚ ਬਦਲ ਗਏ ! ਘਰਾਂ ਵਿੱਚੋ ਮਾਂ ਬੋਲੀਪੰਜਾਬੀ ਤੇ ਬਜ਼ੁਰਗ ਗਾਇਬ ਕਰ ਦਿੱਤੇ ।

* ਲੁੱਚਾ ਲਫੰਗਾ ਚੌਧਰੀ ਤੇ ਗੁੰਡੀ ਰੰਨ ਪ੍ਰਧਾਨ * ਦਾ ਹੁਣ ਚਾਰੇ ਪਾਸੇ ਬੋਲਬਾਲਾ ਹੈ ! ਅਸੀਂ ਵਸਤੂਆਂ ਵਾਂਗੂੰ ਹਰ ਥਾਂ ਵਰਤੇ ਜਾਂਦੇ ਹਾਂ । ਅਸੀਂ ਵਿਕ ਰਹੇ ਤੇ ਵੇਚੇ ਜਾਂ ਰਹੇ ਹਾਂ। ਹੁਣ ਜਦੋਂ ਸਭ ਕੁੱਝ ਗਵਾ ਲਿਆ ਹੈ..ਸਮਾਜ ਨਰਕ ਬਣਾ ਲਿਆ ਹੈ..ਹੁਣ ** ਮੈਂ ਪੰਜਾਬੀ * ਹੋਣ ਦਾ ਮਾਣ ਮਹਿਸੂਸ ਤਾਂ ਫੇਸਬੁਕ ਕੀਤਾ ਜਾ ਸਕਦਾ ਪਰ * *ਆਪਣੀ ਪੀੜ੍ਹੀ ਹੇਠਾਂ ਸੋਟਾ ਕੌਣ ਫੇਰੂ ?* ਕੌਣ ਜ਼ੁੰਮੇਵਾਰੀ ਓਟੇਗਾ? ਕੋਈ ਵੀ ਨਹੀਂ ! ਕਿਉਂ ਕਿ ਇਸ ਹਮਾਮ ਦੇ ਵਿੱਚ ਸਭ ਨੰਗੇ ਹਨ ਤੇ ਕੁੱਝ ਚੰਗੇ ਵੀ ਪਰ ਘੱਟ ਹਨ ਪਰ ਕਦੋਂ ਤੱਕ ਅਸੀਂ ਸਹੀ ਤੇ ਸੱਚ ਨੂੰ ਨਜ਼ਰ ਅੰਦਾਜ਼ ਕਰਦੇ ਰਹਾਂਗੇ ? ਕਦੋਂ ਆਪੋ ਆਪਣੀਆਂ ਪੀੜ੍ਹੀਆਂ ਹੇਠਾਂ ਸੋਟਾ ਫੇਰਾਂਗੇ ? ਹੁਣ ਪੰਜਾਬ ਸਿਉਂ ਨੂੰ ਫੇਰ ਪਿੱਛੇ ਵੱਲ ਨੂੰ ਧੱਕਿਆ ਜਾ ਰਿਹਾ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਜਿੱਤ ਜਰੀ ਨਹੀਂ ਜਾਂਦੀ । ਸਰਹੱਦਾਂ ਉਤੇ ਬੈਠੇ ਅਸੀਂ ਇਕ ਸੀ ਹੁਣ ਪਤਾ ਕੀ ਬਣ ਗਏ ਹਾਂ ।


ਚੋਰ-ਕੁੱਤਾ ਤੇ ਰਾਜਾ ਰਲ ਗਏ ਹਨ। ਲੁੱਟਮਾਰ ਕਰਨ ਵਾਲਿਆਂ ਵਿੱਚ ਪੁਜਾਰੀ, ਵਪਾਰੀ, ਅਧਿਕਾਰੀ ਤੇ ਲਿਖਾਰੀ ਦਾ ਚੌਕੜ ਹੈ। ਲੋਕ ਸਮਾਜ ਦੀ ਲਾਸ਼ ਚੁੱਕੀ ਜਾਂਦੇ ਹਨ । ਜਦ ਅਕਲ, ਸ਼ਕਲ, ਨਸਲ ਤੇ ਫਸਲ ਇੱਕ ਹੋ ਜਾਣ ਤਾਂ ਮੰਡੀ ਦੇ ਭਾਅ ਡਿੱਗਦੇ ਹਨ। ਫੇਰ ਸਭ ਕੁੱਝ ਘੱਟ ਰੇਟ ਉਤੇ ਵਿਕਦਾ ਹੈ। ਹੁਣ ਭਾਵਨਾਵਾਂ ਵੇਚਣ ਤੇ ਵਿਕਣ ਵਾਲੇ ਕਿਤੇ ਵੀ ਕਿਸੇ ਵੀ ਰੂਪ ਵਿੱਚ ਵਿਕਦੇ ਸਕਦੇ ਹਨ। ਗੱਲ ਜਿਉਣ ਦੀ ਹੈ। ਸਾਡੀਆਂ ਭਾਵਨਾਵਾਂ ਕਿਉਂ ਕਮਜ਼ੋਰ ਤੇ ਹੋਲੀਆਂ ਹਨ । ਜੋ ਨਿੱਕੀਆਂ ਗੱਲਾਂ ਉਤੇ ਭੜਕਾ ਕਿ ਵਰਤੀਆਂ ਜਾਂਦੀਆਂ ਹਨ ! ਕਦੋਂ ਤੱਕ ਭੜਕਾਈਆਂ ਜਾਂਦੀਆਂ ਰਹਿਣਗੀਆਂ ? ਅਕਲਾਂ ਵਾਲਿਓ....ਸ਼ਕਲਾਂ ਵਾਲਿਓ.....ਕੋਈ ਦਿਓ ਜਵਾਬ ? ਹੁਣ ਚੋਣਾਂ ਵਿੱਚ ਸਾਡੀਆਂ ਭਾਵਨਾਵਾਂ ਦਾ ਮੁੱਲ ਵੱਟਿਆ ਜਾਵੇਗਾ । ਸਾਨੂੰ ਇਕ ਦਿਨ ਦਾ ਬਾਦਸ਼ਾਹ ਬਣਾਇਆ ਜਾਵੇਗਾ । ਭਾਵਨਾਵਾਂ ਨੂੰ ਭੜਕਾਇਆ ਜਾਵੇਗਾ ਤੇ ਲੁੱਟਿਆ ਜਾਵੇਗਾ । ਅਸੀ ਫੇਰ ਲੁੱਟੇ ਤੇ ਮਾਰੇ ਜਾਵਾਂਗੇ । ਅਸੀਂ ਮਰਨ ਲਈ ਤਿਆਰ ਹਾਂ । ਵਾਹ ! ਪੰਜਾਬੀਓ ! ਨਹੀਂ ਰੀਸਾਂ ਤੁਹਾਡੀਆਂ ?

# ਰਾਜਨੀਤੀ ਦੀ ਖੇਡ !

ਕਈ ਵਾਰ ਤੁਹਾਡੇ ਵਿਰੋਧੀ ਤੁਹਾਨੂੰ ਹਰਾਉਣ ਜਾਂ ਢਾਹੁਣ ਲਈ ਚਾਲ ਚੱਲਦੇ ਹਨ, ਪਰ ਤੁਸੀ ਉਨ੍ਹਾਂ ਦੀ ਚਾਲ ਨੂੰ ਸਮਝ ਕੇ ਗੇਮ ਹੀ ਬਦਲ ਦਿੰਦੇ ਹੋ, ਇਹੀ ਰਾਜਨੀਤੀ ਹੈ।

ਸੰਕਟ ਦੇ ਸਮੇਂ ਵਿੱਚ ਸੰਜਮ ਵਰਤਣਾ, ਜਜ਼ਬਾਤੀ ਨਾ ਹੋਣਾ ਤੇ ਮਸਤੀ ਨਾਲ਼ ਚੱਲਣਾ ਹੀ ਜਿੱਤ ਦਾ ਜ਼ਾਮਨ ਹੋ ਸਕਦਾ ਹੈ।

ਜਿੱਤ ਜਾਂ ਹਾਰ ਨਾਲ਼ੋ ਇਹ ਗੱਲ ਜ਼ਿਆਦਾ ਮਹੱਤਵਪੂਰਨ ਹੁੰਦੀ ਹੈ ਕਿ ਤੁਸੀ ਖੇਡੇ ਕਿਵੇਂ ਸੀ।



ਰਾਜਨੀਤੀ ਦੀ ਖੇਡ ਵਿੱਚ ਤਾਕਤਵਰ ਹੋਣ ਨਾਲ਼ੋ ਸੂਝਵਾਨ ਹੋਣਾ ਜ਼ਿਆਦਾ ਜ਼ਰੂਰੀ ਹੁੰਦਾ ਹੈ। ਉਹ ਸਮਾਂ ਬਹੁਤ ਪਹਿਲਾਂ ਲੰਘ ਚੁੱਕਾ ਹੈ, ਜਦੋਂ ਰਾਜਨੀਤੀ ਦਾ ਖੇਡ ਤਾਕਤ ਨਾਲ਼ ਖੇਡਿਆ ਜਾਂਦਾ ਸੀ, ਹੁਣ ਅਕਲ ਨਾਲ਼ ਵੱਡੇ-ਵੱਡੇ ਤਾਕਤਵਰ ਵੀ ਹਰਾਏ ਜਾ ਸਕਦੇ ਹਨ।

ਪਰ ਸਾਡੀ ਕਮਿਊਨਿਟੀ ਵਿੱਚ ਭਾਰੂ ਧਿਰਾਂ ਅਜੇ ਵੀ ਅਕਲ ਨਾਲ਼ੋ ਤਾਕਤ ਜਾਂ ਹਥਿਆਰਾਂ ਨੂੰ ਅਹਿਮੀਅਤ ਦਿੰਦੀਆਂ ਹਨ। ਸ਼ਾਂਤੀ ਪੂਰਵਕ ਮੋਰਚੇ ਕਦੇ ਜ਼ਾਬਤੇ ਵਿੱਚ ਨਹੀਂ ਰੱਖਦੇ। ਹੁੱਲੜਬਾਜ਼ ਸਭ ਪਾਸੇ ਭਾਰੂ ਰਹਿੰਦੇ ਹਨ। ਜਿਸ ਕਰਕੇ ਕੁਰਬਾਨੀਆਂ ਕਰਨ, ਸੰਘਰਸ਼ ਕਰਨ ਤੋਂ ਬਾਅਦ ਵੀ ਸਾਡੇ ਕੁਝ ਪੱਲੇ ਨਹੀਂ ਪੈਂਦਾ। ਫਿਰ ਅਸੀ ਵਿਤਕਰਿਆਂ ਜਾਂ ਗ਼ੁਲਾਮੀ ਦੇ ਬਿਰਤਾਂਤ ਸਿਰਕ ਕੇ ਪੀੜਤ ਬਣਨ ਦੀ ਕੋਸ਼ਿਸ਼ ਕਰਦੇ ਹਾਂ। ਪਰ ਸਾਨੂੰ ਪੀੜਤ ਵੀ ਬਣਨਾ ਨਹੀ ਆਉਂਦਾ। ਅਸੀ ਜਜ਼ਬਾਤੀ ਹੋ ਕੇ ਧਮਕੀਆਂ ਜਾਂ ਧੌਂਸ ਦਿਖਾਉਣ ਤੇ ਆ ਜਾਂਦੇ ਹਾਂ। 17-18 ਵੀ ਸਦੀ ਦੇ ਡਰਾਵੇ ਦੇਣ ਲੱਗਦੇ ਹਾਂ ਕਿ ਸਿੰਘ ਕੀ ਨਹੀ ਕਰ ਸਕਦੇ, ਕਿਸੇ ਤੋਂ ਨਹੀ ਡਰਦੇ ਆਦਿ। ਪ ਰ ਮਾਡਰਨ ਵਰਲਡ ਦੀ ਹਕੀਕਤ ਇਹੀ ਹੈ ਕਿ ਅਸੀ ਸੂਝਵਾਨ ਬਣੀਏ, ਅਕਲ ਨਾਲ਼ ਫੈਸਲੇ ਲਈਏ। ਹਿੰਸਕ ਤੇ ਜਜ਼ਬਾਤੀ ਲੋਕਾਂ ਨੂੰ ਲੀਡਰਸ਼ਿਪ ਵਿੱਚੋ ਲਾਂਭੇ ਕਰੀਏ।

ਹਰਚਰਨ ਸਿੰਘ ਪ੍ਰਹਾਰ

# ਚਿੜੀਆਂ ਦਾ ਚੰਬਾ

ਉੱਡ ਪੁੱਡ ਚੰਬਾ ਗਿਆ ਚਿੜੀਆਂ ਦਾ,
ਕਰ ਗਿਆ ਏ ਘਰ ਮਕਾਨ ਸਭ ਸੁੰਨੇ।
ਢਾਹ ਢਾਹ ਕੇ ਸਬਾਤਾਂ ਛੱਤੜੀਆਂ ਨੂੰ,
ਬੂਹੇ ਬਾਰੀਆਂ ਸ਼ੀਸ਼ਿਆਂ ਨਾਲ ਤੁੰਨੇ।
ਚੱਪਾ ਥਾਂ ਨੀ ਘਰਾਂ ਵਿਚ ਆਲ੍ਹਣੇ ਨੂੰ,
ਚਾਅ ਚੰਬੇ ਦੇ ਸਾਰੇ ਗਏ ਮੁੰਨੇ ।
'ਰੂਪ ' ਸ਼ਾਇਰਾ ਭਾਲ ਨਾ ਸੱਤੂਆਂ ਨੂੰ,
ਆਪ ਬੀਜ ਕੇ ਹੱਥੀਂ ਜੌਂ ਭੁੰਨੇ । ਦਿਲ ਦਾ ਦੁੱਖ
————
ਕੰਧ ਕੋਮਲ ਦਿਲ ਦੀ ਏ ਫੁੱਲ ਜਿਹੀ,
ਮੱਲੋਮੱਲੀ ਮਸਲ ਨਾ ਘੁੱਸ ਹੋਵੇ।
ਛੱਲਾ ਟਕੇ ਦਾ ਮਨ ਨੂੰ ਮੋਹ ਲੈਂਦਾ,
ਪੌਡਾਂ , ਡਾਲਰਾਂ ਦਾ ਸੌਦਾ ਠੁੱਸ ਹੋਵੇ ।
ਜ਼ੋਰ ਜਬਰ ਹੰਝੂਆਂ ਥੀ ਵਹਿ ਜਾਂਦਾ,
ਸਾਰੀ ਉਮਰ ਹੀ ਬੁੱਸ ਬੁੱਸ ਹੋਵੇ ।
'ਰੂਪ' ਸ਼ਾਇਰਾ ਜੋ ਦਿਲ ਦੇ ਵਿਚ ਵੱਸੇ,
ਓਸੇ ਯਾਰ ਦੇ ਨਾਲ ਹੀ ਰੁੱਸ ਹੋਵੇ । ਦਿਲ ਦਰਿਆ

ਕੈਦਖ਼ਾਨਾ ਸਮੁੰਦਰੋਂ ਪਾਰ ਤੇਰਾ,
ਲੱਗਾ ਰੋਪੜੀ ਜੰਦਰਾ ਦੂਰੀਆਂ ਦਾ।
ਖੀਸਾ ਖ਼ਾਲੀ ਤੇ ਦਿਲ ਦਰਿਆ ਹੁੰਦਾ,
ਮਜ਼ਾ ਚੱਖਿਆ ਜਿਨ੍ਹਾਂ ਅੰਗੂਰੀਆਂ ਦਾ।
ਸੁਹਣਾ ਯਾਰ ਸੀਨੇ ਵਿਚ ਵੱਸ ਜਾਵੇ,
ਤਰ ਜਾਂਦੇ ਝਨਾਂ ਮਜਬੂਰੀਆਂ ਦਾ।
'ਰੂਪ ' ਸ਼ਾਇਰਾ ਪੱਲੇ ਨਾ ਮੂਲ ਪਾਈਏ,
ਮੁੱਲ ਮੋੜੀਏ ਛਕੀਆਂ ਚੂਰੀਆਂ ਦਾ।
ਜ਼ਮੀਰਾਂ ਦੀ ਸ਼ਾਮ।

ਕਾਲੇ ਧਨ ਦਾ ਕਾਲਾ ਮੀਂਹ ਵਰ੍ਹਦਾ ,
ਕਦਰਾਂ ਕੀਮਤਾਂ ਕੀਤੀਆਂ ਜਾਮ ਮੀਆਂ।
ਨਾਚ ਨੱਚਦੇ ਨੇਤਾ ਪੁਤਲੀਆਂ ਦਾ,
ਕਾਰਪੋਰੇਟਾਂ ਦੇ ਸਭ ਗ਼ੁਲਾਮ ਮੀਆਂ ।
ਕਬਜ਼ਾ ਦੇਸ਼ 'ਤੇ ਚੰਦ ਘਰਾਣਿਆਂ ਦਾ,
ਲੋਕਤੰਤਰ ਦਾ ਨਾਂ ਬਦਨਾਮ ਮੀਆਂ ।
'ਰੂਪ' ਸ਼ਾਇਰਾ ਕੋਠੇ ਚੜ੍ਹ ਮਾਰ ਨਾਅਰਾ,
ਮਹਿੰਗੀ ਪਊ ਜ਼ਮੀਰਾਂ ਦੀ ਸ਼ਾਮ ਮੀਆਂ ।

## ਸੁਆਣੀਆਂ

ਕੰਮ ਮੁੱਕਦਾ ਨਹੀਂ ਸੁਆਣੀਆਂ ਦਾ,
ਚੁੱਲ੍ਹੇ-ਚੌਂਕੇ ਤੇ ਲੀੜੇ ਲੱਤਿਆਂ ਦਾ।
ਝਾੜੂ ਪੋਚਾ ਲਗਾ ਨੌਣ ਧੋਣ ਕਰਨਾ,
ਰੋਹਬ ਝੱਲਣਾ ਢੋਲ ਕੁਪੱਤਿਆਂ ਦਾ।
ਆਏ ਗਏ ਦੀ ਕਰਨੀ ਪ੍ਰਾਹੁਣਚਾਰੀ,
ਲੇਖਾ ਰੱਖਣਾ ਠੰਢਿਆਂ ਤੱਤਿਆਂ ਦਾ।
'ਰੂਪ' ਸ਼ਾਇਰਾ ਪਵੇ ਨਾ ਮੁੱਲ ਕੌਡੀ ,
ਸੁਆਣੀਆਂ ਬਾਝ ਮਹੱਲਾਂ ਛੱਤਿਆਂ ਦਾ।

## ਸਿਆਸੀ ਦਲ

ਲੀਹੋਂ ਲੱਥੇ ਸਿਆਸੀ ਦਲ ਸਾਰੇ,
ਅੱਡੇ ਬਣ ਗਏ ਸਭ ਗਦਾਰੀਆਂ ਦੇ।
ਦਲ ਬਦਲਦੇ ਸਾਲ ਵਿਚ ਤਿੰਨ ਵਾਰੀ,
ਨੇਤਾ ਗੋਦੀ ਬੈਠ ਵਪਾਰੀਆਂ ਦੇ ।
ਮਾਸਾ ਮੁੱਲ ਨਾ ਜਾਣਨ ਵੋਟਰਾਂ ਦਾ,
ਵੱਗ ਸਮਝਦੇ ਨੇ ਵਗਾਰੀਆਂ ਦੇ।
'ਰੂਪ' ਸ਼ਾਇਰਾ ਪਰ੍ਹਾਂ ਸੁੱਟ ਪਰਖਿਆਂ ਨੂੰ ।
ਦੰਦੇ ਭੋਰ ਕੇ ਸਭ ਗਰਾਰੀਆਂ ਦੇ।

ਰੂਪ ਲਾਲ ਰੂਪ, +91 94652-25722

# "ਤੂੰ ਮੈਨੂੰ ਪੜ੍ਹਿਆ ਹੀ ਨਹੀਂ"

ਰਮਿੰਦਰ ਰੰਮੀ

ਬਾਹਰੀ ਸੁੰਦਰਤਾ , ਸੁੰਦਰਤਾ ਨਹੀਂ ਹੁੰਦੀ
ਅਸਲੀ ਸੁੰਦਰਤਾ ਤੇ ਦਿਲ ਦੀ ਹੁੰਦੀ ਹੈ
ਜੋ ਕਿਸੇ ਨੂੰ ਉਦਾਸ ਦੇਖ
ਆਪ ਉਦਾਸ ਹੋ ਜਾਏ
ਕਿਸੇ ਦਾ ਦਰਦ ਦੇਖ ਆਪ
ਦਰਦ ਨਾਲ ਤੜਪ ਉੱਠੇ
ਤੂੰ ਉਸਦੇ ਪਲਕਾਂ ਪਿੱਛੇ ਹੰਝੂਆਂ ਨੂੰ
ਮਹਿਸੂਸ ਕੀਤਾ ਕਦੀ
ਉਸਨੂੰ ਦਰਦ ਵਿੱਚ ਦੇਖ
ਤੈਨੂੰ ਦਰਦ ਮਹਿਸੂਸ ਹੋਇਆ ਕਦੀ
ਤੂੰ ਉਸਦੀ ਖ਼ਾਮੋਸ਼ੀ ਤੇ ਉਦਾਸੀ ਨੂੰ
ਪੜ੍ਹਿਆ ਕਦੀ
ਤੂੰ ਉਸਦੀ ਦਰਦੀਲੀ ਮੁਸਕਰਾਹਟ ਨੂੰ
ਪਹਿਚਾਨਣ ਦਾ ਯਤਨ ਕੀਤਾ ਕਦੀ
ਤੂੰ ਉਸਦੇ ਹਾਰ ਸ਼ਿੰਗਾਰ ਪਿੱਛੇ
ਛੁਪੇ ਦਰਦ ਨੂੰ ਮਹਿਸੂਸ ਕੀਤਾ ਕਦੀ
ਨਾ ਜਾਣੈ ਆਪਣੇ ਮੇਕਪ ਦੀ ਤਹਿ ਨੀਚੇ
ਅਣਗਿਣਤ ਤਹਿਆਂ ਆਪਣੇ
ਦਰਦ ਦੀਆਂ ਛੁਪਾਈ ਬੈਠੀ ਹੈ ਉਹ
ਜੇ ਤੂੰ ਉਸਦਾ ਅੰਦਰਲਾ ਹੀ ਨਹੀਂ ਪੜ੍ਹਿਆ
ਤਾਂ ਕੀ ਜਾਣਦਾ ਹੈ ਉਸ ਬਾਰੇ
ਇਸੇ ਲਈ ਕਹਿੰਦੀ ਹਾਂ ਕਿ
ਤੂੰ ਮੈਨੂੰ ਪੜ੍ਹਿਆ ਹੀ ਨਹੀਂ
ਜੇ ਤੂੰ ਮੈਨੂੰ ਪੜ੍ਹਿਆ ਹੁੰਦਾ ਤੇ ਤੂੰ ਵੀ
ਗੁਆਚ ਨਾ ਗਿਆ ਹੁੰਦਾ ਕਿਤੇ
ਤੂੰ ਮੈਨੂੰ ਪੜ੍ਹਿਆ ਹੀ ਨਹੀਂ
ਹਾਂ ਤੂੰ ਮੈਨੂੰ ਪੜ੍ਹਿਆ ਹੀ ਨਹੀਂ ।

# "ਤੇਰੀ ਉਦਾਸੀ"

ਮੁੱਦਤਾਂ ਬਾਦ ਅੱਜ
ਤੈਨੂੰ ਤੱਕਿਆ
ਤੇਰੇ ਚਿਹਰੇ ਤੇ ਦਿਖੀ
ਇਕ ਵੀਰਾਨਗੀ ਜਿਹੀ
ਕਿੰਨਾ ਕੁਝ ਪੜ੍ਹ ਲਿਆ
ਤੇਰੇ ਚਿਹਰੇ ਤੋਂ
ਦਰਦ , ਹੌਕੇ , ਹਾਵੇ
ਜਿਵੇਂ ਸਦੀਆਂ ਤੋਂ ਤੇਰੀ ਉਦਾਸੀ
ਤੇ ਇਹਨਾਂ ਦੀ ਪਰਤ
ਜੰਮ ਗਈ ਹੋਵੇ
ਮੁਰਝਾਇਆ , ਉਦਾਸਿਆ ਚਿਹਰਾ
ਤੇਰਾ ਹਾਸਾ , ਖੇੜਾ , ਮੁਸਕਾਨ
ਪਤਾ ਨਹੀਂ ਕਿੱਥੇ ਗਾਇਬ ਹੋ ਗਈ
ਕਹਿੰਦੇ ਹਨ ਦਿਲ ਦੀਆਂ ਵੀ
ਅੱਖਾਂ ਹੁੰਦੀਆਂ ਹਨ
ਜਿਹਨਾਂ ਨਾਲ ਅਸੀਂ
ਇੱਕ ਦੂਸਰੇ ਦੇ
ਆਰ ਪਾਰ ਦੇਖ ਸਕਦੇ ਹਾਂ
ਤੇ ਉਹਨਾਂ ਨਜ਼ਰਾਂ ਨਾਲ ਸਾਰਾ
ਪੜ੍ਹ ਲਿਆ ਅੱਜ ਮੈਂ ਤੈਨੂੰ
ਰੂਹਾਂ ਦੇ ਰਿਸ਼ਤੇ
ਇਹੀ ਤੇ ਹੁੰਦੇ ਹਨ
ਦਰਦ ਇੱਕ ਨੂੰ ਹੋਵੇ ਤੇ
ਤਕਲੀਫ਼ ਦੂਸਰੇ ਨੂੰ
ਮਹਿਸੂਸ ਹੋਏ
ਤੈਨੂੰ ਇਸ ਹਾਲ ਵਿੱਚ ਦੇਖ
ਤੜਪ ਉੱਠੀ ਮੈਂ ਦਰਦ ਨਾਲ
ਆਪਣਾ ਦਰਦ ਭੁਲਾ
ਤੇਰੇ ਦਰਦ ਵਿੱਚ
ਖੋ ਗਈ ਮੈਂ
ਜੀ ਕੀਤਾ ਹੁਣੇ ਤੈਨੂੰ ਮਿਲ
ਕਲਾਵੇ ਵਿੱਚ ਭਰ
ਗਲੇ ਲਗਾ ਲਵਾਂ
ਤੇ ਕਹਾਂ ਝੱਲੀਏ
ਹੁਣ ਤੂੰ ਕਦੀ ਉਦਾਸ
ਨਾ ਹੋਵੀਂ
ਮੈਂ ਹੂੰ ਨਾ
ਤੇਰੀ ਉਦਾਸੀ ਮੈਂ ਦੇਖ
ਨਹੀਂ ਸਕਦੀ
ਤੈਨੂੰ ਉਦਾਸ ਦੇਖ
ਕਿੰਨਾ ਕੁਝ ਟੁੱਟ ਭੱਜ
ਜਾਂਦਾ ਹੈ ਮੇਰੇ ਅੰਦਰ
ਤੇਰੀ ਉਦਾਸੀ ਫਿਰ
ਘੇਰਾ ਘੱਤ ਲੈਂਦੀ ਹੈ
ਮੇਰੇ ਆਲੇ ਦੁਆਲੇ ਤੇ
ਮੈਂ ਤੇਰੀ ਉਦਾਸੀ ਨੂੰ
ਆਪਣੇ ਗਲੇ ਲਗਾ ਲੈਂਦੀ ਹਾਂ
ਉਹਨਾਂ ਨਾਲ ਗੱਲਾਂ ਕਰ
ਤੇਰਾ ਹਾਲ ਚਾਲ ਪੁੱਛਦੀ
ਰਹਿੰਦੀ ਹਾਂ ਤੇ ਕਹਿੰਦੀ ਹਾਂ
ਹੁਣ ਤੂੰ ਕਦੀ ਉਦਾਸ ਨਾ ਹੋਵੀਂ ।
ਗੁਰਬਾਣੀ ਵਿੱਚ ਸ਼ਬਦ ਹੈ
ਉਸਨੂੰ ਹਮੇਸ਼ਾਂ ਯਾਦ ਰੱਖਣਾ ।
" ਕਾਹੇ ਮਨ ਤੂ ਡੋਲਤਾ ਹਰਿ ਮਨਸਾ ਪੂਰਣਹਾਰੁ । "

CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਅੰਮ੍ਰਿਤਸਰ ਤੋਂ BJP ਉਮੀਦਵਾਰ ਤਰਨਜੀਤ ਸਿੰਘ ਸੰਧੂ ਦੀ ਵਧੀ ਸੁਰੱਖਿਆ, ਦਿੱਤੀ ਗਈ Y+ ਸਿਕਉਰਿਟੀ




ਭਾਜਪਾ ਦੇ ਕੌਮੀ ਜਨਰਲ ਸਕੱਤਰ, ਪਾਰਟੀ ਦੇ ਕੌਮੀ ਸਕੱਤਰ ਮਨਜਿੰਦਰ ਸਿੰਘ ਸਿਰਸਾ ਅਤੇ ਹੋਰ ਆਗੂਆਂ ਦੀ ਹਾਜ਼ਰੀ ਵਿੱਚ ਭਾਜਪਾ ਵਿੱਚ ਸ਼ਾਮਲ ਹੋਏ ਸਨ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿੱਚ ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਕੰਮ ਕੀਤਾ ਹੈ ਅਤੇ ਅਮਰੀਕਾ ਅਤੇ ਸ੍ਰੀਲੰਕਾ ਵਰਗੇ ਦੇਸ਼ਾਂ

ਕੇਂਦਰ ਸਰਕਾਰ ਨੇ ਸਾਬਕਾ ਡਿਪਲੋਮੈਟ ਅਤੇ ਅੰਮ੍ਰਿਤਸਰ ਤੋਂ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਦੀ ਸੁਰੱਖਿਆ ਵਿੱਚ ਵਾਧਾ ਕੀਤਾ ਹੈ। ਸਰਕਾਰ ਵੱਲੋਂ ਉਨ੍ਹਾਂ ਨੂੰ 'ਵਾਈ+' ਸ਼੍ਰੇਣੀ CRPF ਸੁਰੱਖਿਆ ਕਵਰ ਪ੍ਰਦਾਨ ਕੀਤਾ ਗਿਆ ਹੈ। ਅਮਰੀਕਾ ਵਿੱਚ ਭਾਰਤ ਦੇ ਰਾਜਦੂਤ ਰਹਿ ਚੁੱਕੇ ਹਨ। ਸਾਬਕਾ IFS ਅਧਿਕਾਰੀ ਤਰਨਜੀਤ ਸਿੰਘ ਸੰਧੂ ਨੇ ਹਾਲ ਹੀ ਵਿੱਚ ਭਾਜਪਾ ਦਾ ਪੱਲਾ ਫੜਿਆ ਸੀ।

ਤਰਨਜੀਤ ਸਿੰਘ ਸੰਧੂ ਮਾਰਚ ਮਹੀਨੇ ਵਿੱਚ

ਵਿੱਚ ਵੀ ਕੰਮ ਕੀਤਾ ਹੈ। ਇਸ ਦੌਰਾਨ ਸੰਧੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਰੀਫ ਕੀਤੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਅਮਰੀਕਾ ਨਾਲ ਭਾਰਤ ਦੇ ਸਬੰਧ ਇੱਕ ਸਾਂਝੇਦਾਰੀ ਤੋਂ ਬਦਲ ਗਏ ਹਨ। ਦੋਵਾਂ ਦੇਸ਼ਾਂ ਦੇ ਸਬੰਧ ਹੋਰ ਮਜ਼ਬੂਤ ਹੋਏ ਹਨ। ਉਨ੍ਹਾਂ ਨੇ ਫੰ ਮੋਦੀ, ਭਾਜਪਾ ਪ੍ਰਧਾਨ ਜੇਪੀ ਨੱਡਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ ਸੀ।

# ਰਾਮਦੇਵ ਦਾ ਮੁਆਫ਼ੀਨਾਮਾ ਸੁਪਰੀਮ ਕੋਰਟ ਵੱਲੋਂ ਰੱਦ



ਪਤੰਜਲੀ ਇਸ਼ਤਿਹਾਰ ਮਾਮਲੇ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਅੱਜ ਕਿਹਾ ਕਿ ਉਹ ਰਾਮਦੇਵ ਤੇ ਪਤੰਜਲੀ ਆਯੁਰਵੇਦ ਦੇ ਐੱਮਡੀ ਅਚਾਰੀਆ ਬਾਲਕ੍ਰਿਸ਼ਨ ਦੇ ਮੁਆਫ਼ੀ ਹਲਫ਼ਨਾਮੇ ਨੂੰ ਰੱਦ ਕਰਦੀ ਹੈ। ਸੁਪਰੀਮ ਕੋਰਟ ਨੇ ਕਿਹਾ, 'ਅਸੀ ਇੰਨੇ ਫ਼ਿਰਾਖ਼ ਦਿਲ ਨਹੀਂ ਹੋ ਸਕਦੇ।' ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਮਾਨਤੁੱਲਾ ਦੀ ਬੈਂਚ ਨੇ ਪਤੰਜਲੀ ਦੇ ਵਕੀਲ ਵਿਪਿਨ ਸਾਂਘੀ ਅਤੇ ਮੁਕੁਲ ਰੋਹਤਗੀ ਨੂੰ ਕਿਹਾ ਕਿ ਤੁਸੀਂ ਜਾਣਬੁੱਝ ਕੇ ਅਦਾਲਤੀ ਹੁਕਮਾਂ ਦੀ ਉਲੰਘਣਾ ਕੀਤੀ ਹੈ, ਕਾਰਵਾਈ ਲਈ ਤਿਆਰ ਰਹੋ। ਇਸ ਤੋਂ ਪਹਿਲਾਂ 2 ਅਪਰੈਲ ਨੂੰ ਇਸੇ ਬੈਂਚ 'ਚ ਹੋਈ ਸੁਣਵਾਈ ਦੌਰਾਨ ਪਤੰਜਲੀ ਦੀ ਤਰਫੋਂ ਮੁਆਫੀ ਮੰਗੀ ਗਈ ਸੀ। ਉਸ ਦਿਨ ਵੀ ਬੈਂਚ ਨੇ ਪਤੰਜਲੀ ਨੂੰ ਝਾੜਿਆ ਸੀ ਅਤੇ ਕਿਹਾ ਸੀ ਕਿ ਇਹ ਮੁਆਫ਼ੀ ਸਿਰਫ਼ ਖਾਨਾਪੂਰਤੀ ਲਈ ਹੈ। ਤੁਹਾਡੇ ਅੰਦਰ ਮੁਆਫ਼ੀ ਦੀ ਭਾਵਨਾ ਨਹੀਂ ਹੈ।

# ਜਲਾਲਾਬਾਦ 'ਚ 150 ਲੋਕਾਂ ਦੀ ਵਿਗੜੀ ਸਿਹਤ, ਵਰਤ ਵਾਲਾ ਆਟਾ ਖਾਣ ਤੋਂ ਬਾਅਦ ਹੋਏ ਬੇਹੋਸ਼

ਫਾਜ਼ਿਲਕਾ ਦੇ ਜਲਾਲਾਬਾਦ 'ਚ ਆਟਾ ਖਾ ਕੇ ਕਰੀਬ 150 ਲੋਕਾਂ ਦੀ ਸਿਹਤ ਵਿਗੜ ਗਈ। ਇਸ ਦੌਰਾਨ ਕੁਝ ਲੋਕਾਂ ਨੂੰ ਉਲਟੀਆਂ ਅਤੇ ਚੱਕਰ ਆਉਣੇ ਸ਼ੁਰੂ ਹੋ ਗਏ। ਜਿਸ ਤੋਂ ਬਾਅਦ ਲੋਕਾਂ ਨੂੰ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ, ਕਈਆਂ ਨੂੰ ਆਪਣੇ ਘਰਾਂ 'ਚ ਬੇਹੋਸ਼ ਦੇਖਿਆ ਗਿਆ। ਜਾਣਕਾਰੀ ਅਨੁਸਾਰ ਕੱਲ੍ਹ ਪਹਿਲੇ ਨਵਰਾਤਰੇ ਦੇ ਮੌਕੇ 'ਤੇ ਲੋਕਾਂ ਨੇ ਵੱਖ-ਵੱਖ ਕਰਿਆਨੇ ਦੀਆਂ ਦੁਕਾਨਾਂ ਤੋਂ ਚੌਲਾਂ ਦਾ ਆਟਾ ਖਰੀਦਿਆ ਅਤੇ ਖਾਧਾ। ਜਿਸ ਤੋਂ ਬਾਅਦ ਰਾਤ ਨੂੰ ਵੱਡੀ ਗਿਣਤੀ ਲੋਕ ਹਸਪਤਾਲ ਪਹੁੰਚ ਗਏ। ਡਾਕਟਰ ਮੁਤਾਬਕ ਇਸ ਆਟੇ ਕਾਰਨ 100 ਤੋਂ 150 ਲੋਕ ਬਿਮਾਰ ਹੋ ਗਏ। ਫਿਲਹਾਲ ਲੋਕਾਂ ਨੂੰ ਇਲਾਜ ਲਈ ਹਸਪਤਾਲਾਂ 'ਚ ਭਰਤੀ ਕਰਵਾਇਆ ਗਿਆ ਹੈ। ਜਿਸ ਤੋਂ ਬਾਅਦ ਲੋਕਾਂ ਨੂੰ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ, ਕਈਆਂ ਨੂੰ ਆਪਣੇ ਘਰਾਂ 'ਚ ਬੇਹੋਸ਼ ਦੇਖਿਆ ਗਿਆ। ਦੂਜੇ ਪਾਸੇ ਵਿਧਾਇਕ ਜਗਦੀਪ ਗੋਲਡੀ ਹਸਪਤਾਲਾਂ ਵਿਚ ਦਾਖ਼ਲ ਲੋਕਾਂ ਦਾ ਹਾਲ ਚਾਲ ਜਾਣਨ ਲਈ ਪੁੱਜੇ। ਉਨ੍ਹਾਂ ਕਿਹਾ ਕਿ ਉਨ੍ਹਾਂ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਹੈ ਕਿ ਉਹ ਇਸ ਮਾਮਲੇ 'ਤੇ ਟੀਮ ਬਣਾਉਣਗੇ।



ਪ੍ਰਸ਼ਾਸਨ ਵੱਲੋਂ ਇੱਕ ਟੀਮ ਤਿਆਰ ਕਰਕੇ ਪੂਰੇ ਮਾਮਲੇ ਦੀ ਸਖ਼ਤ ਜਾਂਚ ਕੀਤੀ ਜਾਵੇਗੀ ਅਤੇ ਜੇਕਰ ਕੋਈ ਵੀ ਮਿਲਾਵਟਖੋਰੀ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਦੱਸ ਦਈਏ ਕਿ ਬਜ਼ਾਰ 'ਚ ਜੋ ਆਟਾ 70 ਰੁਪਏ ਕਿਲੋ ਦੇ ਹਿਸਾਬ ਨਾਲ ਥੋਕ ਮੁੱਲ 'ਤੇ ਵਿਕ ਰਿਹਾ ਸੀ, ਉਹ 45 ਰੁਪਏ ਕਿਲੋ ਵਿਕ ਰਿਹਾ ਸੀ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਮਿਲਾਵਟਖੋਰੀ ਵੱਡੇ ਪੱਧਰ 'ਤੇ ਹੋਈ ਹੈ।

# ਕਿਸਾਨ ਆਗੂ ਸਰਵਣ ਸਿੰਘ ਪੰਧੇਰ ਗ੍ਰਿਫ਼ਤਾਰ

ਹਰਿਆਣਾ (ਪੰਜਾਬ ਸਟਾਰ) : -ਪੰਜਾਬ ਦੀ ਸਰਹੱਦ ਸ਼ੰਭੂ ਬਾਰਡਰ 'ਤੇ ਅੰਦੋਲਨ ਦੀ ਅਗਵਾਈ ਕਰ ਰਹੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਨੂੰ ਤਾਮਿਲਨਾਡੂ ਵਿਚ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਤਾਮਿਲਨਾਡੂ ਦੇ ਜ਼ਿਲ੍ਹਾ ਕੋਇੰਬਟੂਰ ਵਿਚ ਪੰਧੇਰ ਤੋਂ ਇਲਾਵਾ ਕਿਸਾਨ ਆਗੂਆਂ-ਗੁਰਮੀਤ ਸਿੰਘ ਮਾਂਗਟ, ਮਨਜੀਤ ਸਿੰਘ ਰਾਏ ਅਤੇ ਹਰਵਿੰਦਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦਰਅਸਲ ਇਹ ਕਿਸਾਨ ਆਗੂ ਕੇਂਦਰ ਸਰਕਾਰ ਦਾ ਪੁਤਲਾ ਫੂਕ ਰਹੇ ਸਨ। ਕਿਸਾਨਾਂ ਦੇ ਵੱਡੇ ਇਕੱਠ ਨੂੰ ਵੇਖਦੇ ਹੋਏ ਪੁਤਲਾ ਫੂਕਣ ਤੋਂ ਪਹਿਲਾਂ ਹੀ ਪੁਲਸ ਨੇ ਕਿਸਾਨ ਨੇਤਾਵਾਂ ਨੂੰ ਰੋਕ ਦਿੱਤਾ। ਪੁਲਸ ਨਾਲ ਲੰਬੀ ਬਹਿਸ ਮਗਰੋਂ ਕਿਸਾਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਕਿਸਾਨ ਆਪਣੇ ਅੰਦੋਲਨ ਨੂੰ ਮਜ਼ਬੂਤ ਕਰਨ ਲਈ ਤਾਮਿਲਨਾਡੂ ਪਹੁੰਚੇ ਸਨ। ਜਿਸ ਤੋਂ ਬਾਅਦ ਉਨ੍ਹਾਂ ਨੇ ਮੋਦੀ ਸਰਕਾਰ ਖਿਲਾਫ਼ ਨਾਅਰੇਬਾਜ਼ੀ ਕੀਤੀ।

ਗ੍ਰਿਫ਼ਤਾਰੀ ਮਗਰੋਂ ਪੰਧੇਰ ਨੇ ਕਿਹਾ ਕਿ ਭਾਵੇਂ ਪੁਲਸ ਨੇ ਸਾਨੂੰ ਗ੍ਰਿਫ਼ਤਾਰ ਕਰ ਲਿਆ ਹੈ ਪਰ ਅਸੀ ਪੂਰੇ ਦੇਸ਼ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਸ਼ਫ ਦੀ ਕਾਨੂੰਨੀ ਗਾਰੰਟੀ ਲੜਾਈ, ਲਖੀਮਪੁਰ ਖੀਰੀ ਦਾ ਇਨਸਾਫ਼, ਖਨੌਰੀ ਕਤਲਕਾਂਡ ਦਾ ਇਨਸਾਫ਼ ਲੈਣ ਦੀ ਗੱਲ ਨਹੀਂ ਛੱਡਾਂਗੇ। ਕਿਸਾਨ ਮਜ਼ਦੂਰਾਂ ਦੀ ਕਰਜ਼ ਮੁਆਫ਼ੀ ਕਰਵਾਵਾਂਗੇ। ਮੋਦੀ ਸਰਕਾਰ ਨਾਲ ਇਲੈਕਸ਼ਨ ਕਮਿਸ਼ਨ ਮਿਲਿਆ ਹੋਇਆ ਹੈ ਅਤੇ ਦਮਨਕਾਰੀ ਨੀਤੀ ਅਪਣਾ ਰਿਹਾ ਹੈ। ਅਸੀ ਸਰਕਾਰ ਨੂੰ ਦੱਸ ਦੇਣਾ ਚਾਹੁੰਦੇ ਹਾਂ ਕਿ ਇਸ ਸਮੇਂ ਘਬਰਾ ਨਹੀਂ ਰਹੇ ਹਾਂ। ਦੱਸ ਦੇਈਏ ਕਿ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਚੱਲ ਰਿਹਾ ਕਿਸਾਨ ਅੰਦੋਲਨ 55 ਦਿਨ 'ਚ ਪ੍ਰਵੇਸ਼ ਕਰ ਚੁੱਕਾ ਹੈ। ਕਿਸਾਨਾਂ ਵਲੋਂ ਪਹਿਲਾਂ ਹੀ ਕਿਹਾ ਗਿਆ ਸੀ ਕਿ ਉਹ ਵੱਖ-ਵੱਖ ਸੂਬਿਆਂ ਵਿਚ ਆਪਣਾ ਸੰਘਰਸ਼ ਕਰਨਗੇ। ਪੰਜਾਬ ਦੇ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਕਿਸਾਨਾਂ ਦਾ ਸੰਘਰਸ਼ ਅਜੇ ਵੀ ਜਾਰੀ ਹੈ।

## ਕਿਸ਼ਤ - 50

# ਮੈਂ ਤੰਦਰੁਸਤ ਕਿਵੇਂ ਹੋਇਆ?

ਬਿਮਾਰੀ ਕਦੇ ਵੀ ਆ ਸਕਦੀ ਹੈ, ਇਹ ਆਉਣ ਵੇਲੇ ਨੋਟਿਸ ਨਹੀਂ ਦੇਂਦੀ। ਇਸ ਦੇ ਆਉਣ ਦਾ ਕਾਰਨ ਆਪਣੀ ਗਲਤੀ ਜਾਂ ਮੌਸਮੀ ਵਾਇਰਲ ਵੀ ਹੋ ਸਕਦਾ ਹੈ। ਇਹ ਸਾਡੀ ਗਲਤ ਖੁਰਾਕ ਕਾਰਨ ਸਰੀਰ ਵਿਚਲੇ ਕੈਮੀਕਲ ਦਾ ਅਸਤੁੰਨ ਵੀ ਹੋ ਸਕਦੀ ਹੈ। ਕਹਿਣ ਦਾ ਭਾਵ ਇਹ ਹੈ ਕਿ ਤੰਦਰੁਸਤੀ ਵਿਚ ਵਿਗਾੜ ਕਿਸੇ ਸਮੇਂ ਵੀ ਪੈਦਾ ਹੋ ਸਕਦਾ ਹੈ, ਜਿਸ ਵਾਸਤੇ ਸਾਨੂੰ ਹਮੇਸ਼ਾ ਤਿਆਰ ਬਰ ਤਿਆਰ ਰਹਿਣਾ ਚਾਹੀਦਾ ਹੈ। ਬਿਮਾਰ ਬੰਦੇ ਨੂੰ ਕਿਸੇ ਵੀ ਬਿਮਾਰੀ ਦੇ ਬਾਰੇ ਚ ਆਪਣੇ ਕਿਆਫੇ ਜਾਂ ਅਟਕਲ ਪੱਚੂ ਨਹੀਂ ਲਾਉਣੇ ਚਾਹੀਦੇ ਤੇ ਨਾ ਹੀ ਖਬਰਸਾਰ ਲੈਣ ਵਾਲਿਆਂ ਦੀਆਂ ਸਲਾਹਾ ਉੱਤੇ ਅੰਨ੍ਹੇਵਾਹ ਅਮਲ ਕਰਨਾ ਚਾਹੀਦਾ ਹੈ ਕਿਉਂਕਿ ਇਸ ਤਰਾਂ ਕਰਨ ਨਾਲ ਬਿਮਾਰੀ ਤੋਂ ਮੁਕਤੀ ਮਿਲਣ ਦੀ ਬਜਾਏ ਹੋਰ ਵੱਡੇ ਦੁੱਖ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਬਿਮਾਰੀ ਵਿਗੜ ਸਕਦੀ ਹੈ ਜਾਂ ਫਿਰ ਅੱਗੋ ਕਈ ਹੋਰ ਬਿਮਾਰੀਆਂ ਦਾ ਕਾਰਨ ਬਣ ਸਕਦੀ ਹੈ।

ਮੈਂ ਹਾਈ ਬਲੱਡ ਸ਼ੂਗਰ ਦਾ ਮਰੀਜ ਸਾਂ। ਇਕ ਦਿਨ ਮੇਰੀ ਖਬਰ ਲੈਣ ਵਾਸਤੇ ਮੇਰੇ ਘਰ ਕੁੱਝ ਰਿਸ਼ਤੇਦਾਰ ਆਏ ਜਿਹਨਾਂ ਨੇ ਹੋਰ ਗੱਲਾਬਾਤਾਂ ਕਰਨ ਦੇ ਨਾਲ ਨਾਲ ਮੇਰੀ ਸਿਹਤਯਾਬੀ ਵਾਸਤੇ ਦੁਆਵਾਂ ਵੀ ਦਿੱਤੀਆਂ ਤੇ ਆਪੋ ਆਪਣੀ ਸਮਝ ਮੁਤਾਬਿਕ ਹਿਕਮਤਾਂ ਵੀ ਦਿੱਤੀਆਂ, ਜਿਹਨਾਂ ਵਿਚ ਕਰੇਲਾ, ਬੈਂਗਣ, ਭੱਖੜਾ, ਮੇਥੀ, ਅਧਰਕ ਆਦਿ ਦਾ ਵਧੇਰੇ ਸੇਵਨ ਕਰਨ ਦੀ ਗੱਲ ਕੀਤੀ ਗਈ ਤੇ ਖੰਡ, ਕੇਲਾ, ਅੰਗੂਰ ਅਤੇ ਫਿਜੀ ਡਰਿੰਕ ਆਦਿ ਦੇ ਖਾਣ ਅਤੇ ਪੀਣ ਤੋਂ ਤੋਬਾ ਕਰਨ ਦੀ ਸ਼ਿਫਾਰਸ਼ ਵੀ ਕੀਤੀ। ਮੈਂ ਉਹਨਾਂ ਦੀ ਗੱਲ ਮੰਨੀ ਤੇ ਆਪਣੇ ਖਾਣੇ ਪੀਣੇ ਵਿਚ ਬਦਲਾਓ ਵੀ ਕੀਤਾ। ਪਰ ਕਿਉਂਕਿ ਮੈਂ ਇਸ ਦੇ ਨਾਲ ਹੀ ਡਾਕਟਰ ਦੁਆਰਾ ਦਿੱਤੀਆਂ ਦੁਆਈਆਂ ਦਾ ਸੇਵਨ ਵੀ ਨੇਮ ਨਾਲ ਕਰਦਾ ਸੀ, ਇਸ ਕਰਕੇ ਪੱਕੇ ਰੂਪ ਵਿਚ ਕੋਈ ਇਹ ਅੰਦਾਜਾ ਨਾ ਲਗਾ ਸਕਿਆ ਕਿ ਮੇਰੀ ਸ਼ੂਗਰ ਦੀ ਬਿਮਾਰੀ ਨੂੰ ਫਰਕ ਦੁਆਈਆਂ ਨਾਲ ਪਿਆ, ਰਿਸ਼ਤੇਦਾਰਾਂ ਦੁਆਰਾ ਦੱਸੀਆਂ ਚੀਜਾਂ ਦੇ ਖਾਣ ਜਾਂ ਨਾ ਖਾਣ ਨਾਲ ਜਾਂ ਫਿਰ ਦੋਹਾਂ ਦੇ ਸਾਂਝੇ ਅਸਰ ਨਾਲ।

ਦਰਅਸਲ ਔਖੇ ਵੇਲੇ ਬੰਦੇ ਨੂੰ ਸੁੱਝਦਾ ਹੀ ਕੁੱਝ ਨਹੀਂ। ਉਸਦਾ ਦਿਮਾਗ ਘਬਰਾਹਟ ਨਾਲ ਬਲੌਕ ਹੋ ਜਾਂਦਾ ਹੈ ਤੇ ਜੋ ਵੀ ਕੋਈ ਉਸ ਨੂੰ ਬਿਮਾਰੀ ਤੋਂ ਛੁਟਕਾਰਾ ਪਾਉਣ ਵਾਸਤੇ ਮਸ਼ਵਰਾ ਦਿੰਦਾ ਹੈ, ਉਸੇ ਨੂੰ ਹੀ ਅਪਣਾ ਲੈਂਦਾ ਹੈ। ਏਹੀ ਕਾਰਨ ਹੈ ਕਿ ਇਸ ਔਖੇ ਸਮੇ ਵਿਚ ਨੀਮ ਹਕੀਮ ਤੇ ਪੁੱਛਾਂ ਦੇਣ ਵਾਲੇ ਬਾਬੇ ਵੀ ਫਾਇਦਾ ਉਠਾ ਲੈਂਦੇ ਹਨ। ਉਹ ਉਲਟੀਆਂ ਸਿੱਧੀਆਂ ਚੀਜਾਂ ਦੇ ਚੂਰਨ ਖੁਆ ਕੇ ਲੱਖਾਂ ਰੁਪਏ ਮਾਂਜ ਜਾਂਦੇ ਹਨ। ਸੋ ਮੇਰੇ ਕਹਿਣ ਦਾ ਭਾਵ ਸਿਰਫ ਏਨਾ ਕੁ ਹੈ ਕਿ ਬਿਮਾਰੀ ਸਮੇਂ ਸਾਨੂੰ ਦੂਸਰਿਆ ਦੀਆਂ ਸਲਾਹਾਂ ਸੁਣ ਜਰੂਰ ਲੈਣੀਆ ਚਾਹੀਦੀਆਂ ਹਨ, ਪਰ ਉਹਨਾਂ ਉੱਤੇ ਤਤਫਟ ਅਮਲ ਕਰਨ ਦੀ ਬਜਾਏ ਕਿਸੇ ਸੁਝਵਾਨ ਨਾਲ ਵਿਚਾਰ ਵਟਾਂਦਰਾ ਜਰੂਰ ਕਰ ਲੈਣਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿਚ ਮਰੀਜ ਨੂੰ ਕਿਸੇ ਦੀਆਂ ਗੱਲਾਂ ਸੁਣਕੇ ਫਟਾਫਟ ਕੋਈ ਵੀ ਫੈਸਲਾ ਕਰਨ ਦੀ ਬਜਾਏ ਸਹਿਜਤਾ ਅਤੇ ਠਰ੍ਹੰਮੇ ਨਾਲ ਬਹੁਤ ਹੀ ਸੋਚ ਵਿਚਾਰ ਕਰਕੇ ਅਗਲਾ ਕਦਮ ਪੁੱਟਣਾ ਚਾਹੀਦਾ ਹੈ ਤਾਂ ਕਿ ਬਿਮਾਰੀ ਨੂੰ ਹੋਰ ਵਿਗੜਨ ਤੋਂ ਬਚਾਇਆ ਜਾ ਸਕੇ।

ਇਥੇ ਇਕ ਘਟਨਾ ਦਾ ਜਿਕਰ ਕਰਨਾ ਚਾਹਾਂਗਾ। ਹਾਈ ਬਲੱਡ ਸ਼ੂਗਰ ਦਾ ਮਰੀਜ ਹੋਣ ਸਮੇਂ ਮੈਨੂੰ ਆਪਣੇ ਕਿਸੇ ਚੰਗੇ ਜਾਣਕੀਰ ਦਾ ਮੇਰੀ ਖਬਰਸਾਰ ਲੈਣ ਵਾਸਤੇ ਫੋਨ ਆਇਆ, ਦੁਆ ਸਲਾਮ ਤੋਂ ਬਾਅਦ ਉਸ ਨੇ ਮੇਰਾ ਹਾਲ ਪੁੱਛਦਿਆਂ ਏਥੋ ਗੱਲ ਸ਼ੁਰੂ ਕੀਤੀ ਕਿ, "ਮੈਂ ਤਾਂ ਹੈਰਾਨ ਹਾਂ ਕਿ ਅਸੀ ਸਭ ਕੁੱਝ ਖਾਂਦੇ ਪੀਂਦੇ ਹਾਂ, ਸ਼ਰਾਬ ਵੀ ਰੱਜਕੇ ਪੀਂਦੇ ਹਾਂ ਤੇ ਮਿੱਠਾ ਖਾਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ, ਇਹ ਸ਼ੂਗਰ ਦੀ ਬਿਮਾਰੀ ਤਾਂ ਸਾਨੂੰ ਲੱਗਣ ਦੇ ਚਾਨਸ ਵਧੇਰੇ ਸਨ, ਤੂੰ ਤਾਂ ਖਾਂਦਾ ਪੀਂਦਾ ਵੀ ਕੁੱਝ ਨਹੀਂ, ਨਾ ਸ਼ਰਾਬ। ਨਾ ਬੀਅਰ, ਨਾ ਮੀਟ ਨਾ ਮਿੱਠਾ, ਫਿਰ ਇਹ ਬਿਮਾਰੀ ਤੈਨੂੰ ਕਿਵੇਂ ਲੱਗ ਗਈ !!" ਇਸ ਦੇ ਹੀ ਨਾਲ ਹੀ ਉਸ ਨੇ ਇਹ ਵੀ ਕਿਹਾ ਕਿ "ਤੂੰ ਵੀ ਹੁਣ ਸਾਡੇ ਵਰਗਾ ਹੋ ਜਾ, ਖਾ ਪੀ ਲਿਆ ਕਰ, ਜੋ ਹੋਣਾ ਹੈ, ਉਹ ਤਾਂ ਹੋ ਕੇ ਹੀ ਰਹਿਣਾ ਹੈ।"

ਹੁਣ ਜੇਕਰ ਦੇਖਿਆ ਜਾਵੇ ਤਾਂ ਮੇਰਾ ਜਾਣਕੀਰ ਫੋਨ ਕਰਤਾ ਆਪਣੀ ਜਗ੍ਹਾ ਬਿਲਕੁਲ ਸਹੀ ਸੀ, ਪਰ ਮੈਂ ਉਸ ਦੀ ਗੱਲ ਮੰਨਕੇ, ਉਹਦੇ ਵਾਲਾ ਕੰਮ ਸ਼ੁਰੂ ਕਰ ਦਿੰਦਾ ਤਾਂ ਹੋ ਸਕਦਾ ਸੀ ਕਿ ਇਸ ਸੋਹਣੇ ਸੰਸਾਰ ਤੋਂ ਬਹੁਤ ਸਾਲ ਪਹਿਲਾਂ ਹੀ ਵਿਦਾ ਹੋ ਜਾਂਦਾ। ਮੈਂ ਉਸ ਦੀ ਕਹੀ ਗੱਲ ਨੂੰ ਧਿਆਨ ਨਾਲ ਸੁਣਿਆ ਤੇ ਸੋਚਿਆ ਕਿ ਹਰ ਮਨੁੱਖ ਦੇ ਸਰੀਰਤੰਤਰ ਦੀ ਬਣਤਰ ਤੇ ਅੰਦਰੂਨੀ ਪਰਬੰਧ ਵੱਖੋ ਵੱਖਰਾ ਹੁੰਦਾ ਹੈ, ਖੂਨ ਦੇ ਗਰੁੱਪ ਵੱਖੋ ਵੱਖਰੇ ਹਨ, ਕਿਸੇ ਨੂੰ ਕੋਈ ਚੀਜ ਮੁਆਫਕ ਤੇ ਕਿਸੇ ਦੂਸਰੇ ਨੂੰ ਐਲਰਜੀ ਕਰਦੀ ਹੈ। ਕਿਸੇ ਨੂੰ ਮਾਂਹ ਦੀ ਦਾਲ ਬਾਏ ਬਾਦੀ ਤੇ ਕਿਸੇ ਨੂੰ ਮੁਆਫਕ ਹੁੰਦੇ ਹਨ। ਇਹ ਵਿਚਾਰ ਵੀ ਮੇਰੇ ਮਨ ਵਿਚ ਵਾਰ ਵਾਰ ਆਇਆ ਕਿ ਜੇਕਰ ਬਿਮਾਰੀ ਨੂੰ ਅਵਾਜ ਮਾਰਨ ਵਾਲੀਆਂ ਸਭਨਾ ਬੁਰੀਆਂ ਵਸਤਾਂ ਤੋਂ ਪਰਹੇਜ ਰੱਖਣ ਦੇ ਬਾਵਜੂਦ ਵੀ ਮੈਨੂੰ ਬਿਮਾਰੀ ਲੱਗ ਗਈ ਹੈ ਤਾਂ ਜੇਕਰ ਉਹ ਚੀਜਾਂ ਦਾ ਸੇਵਨ ਕਰਦਾ ਹੁੰਦਾ ਤਾਂ ਇਹ ਵੀ ਹੋ ਸਕਦਾ ਸੀ ਕਿ ਬਹੁਤ ਸਮਾਂ ਪਹਿਲਾਂ ਹੀ ਮੇਰੀ ਰਾਮ ਸੱਤ ਹੋ ਗਈ ਹੁੰਦੀ। ਮੇਰੇ ਕਹਿਣ ਤੋਂ ਭਾਵ ਇਹ ਹੈ ਕਿ ਮਰੀਜ ਨੂੰ ਦੂਜਿਆਂ ਦੀਆਂ ਹਿਕਮਤਾਂ ਜਾਂ ਸਲਾਹਾਂ ਸੁਣ ਜ਼ਰੂਰ ਲੈਣੀਆਂ ਚਾਹੀਦੀਆਂ ਹਨ, ਪਰ ਅਮਲ ਕਰਨ ਤੋਂ ਪਹਿਲਾਂ ਉਹਨਾਂ ਉੱਤੇ ਸੰਜੀਦਗੀ ਨਾਲ ਵਿਚਾਰ ਜਰੂਰ ਕਰਨੀ ਚਾਹੀਦੀ ਹੈ, ਬਹੁਤ ਵਧੀਆ ਰਹੇਗਾ, ਜੇਕਰ ਕਿਸੇ ਚੰਗੇ ਸਿਹਤ ਮਾਹਿਰ ਨਾਲ ਇਸ ਸਭ ਬਾਰੇ ਵਿਚਾਰ ਕਰਕੇ, ਉਸ ਦੀ ਸਲਾਹ ਲੈ ਲਈ ਜਾਵੇ।

ਇਸੇ ਤਰਾਂ ਕਈ ਵਾਰ ਇੰਜ ਵੀ ਹੁੰਦਾ ਹੈ ਕਿ ਮਰੀਜ ਦੀ ਖਬਰਸਾਰ ਲੈਣ ਆਇਆ ਕੋਈ ਕੁਰੀਬੀ ਬੰਦਾ ਮਰੀਜ ਨਾਲ ਇਹੋ ਜਿਹੀਆਂ ਗੱਲਾਂ ਕਰ ਜਾਵੇ ਜੋ ਉਸ ਨੂੰ ਰਾਹਤ ਪਹੁੰਚਾਉਣ ਦੀ ਬਜਾਏ, ਉਸ ਦੇ ਵਾਸਤੇ ਪਰੇਸ਼ਾਨੀ ਦਾ ਕਾਰਨ ਬਣ ਜਾਣ, ਮਿਸਾਲ ਵਜੋ ਹਸਪਤਾਲ 'ਚ ਦਾਖਲ ਪੀਲੀਏ ਦੇ ਮਰੀਜ ਦੀ ਖਬਰ ਲੈਣ ਗਿਆ ਕੋਈ ਉਸ ਦਾ ਕੁਰੀਬੀ ਮਰੀਜ ਇਹ ਕਹਿਣ ਲੱਗ ਪਵੇ ਕਿ "ਤੇਰੇ ਵਿਚ ਤਾਂ ਸਾਹ ਸਤ ਵੀ ਬਾਕੀ ਨਹੀਂ ਰਹਿ ਗਿਆ, ਰੰਗ ਪੀਲਾ ਭੂਕ ਹੋ ਗਿਆ ਹੈ, ਇਹ ਜੋ ਤੇਰੀ ਹਾਲਤ ਇਸ ਵਕਤ ਬਿਮਾਰੀ ਨੇ ਕਰ ਦਿੱਤੀ ਹੈ, ਇਸ ਤਰਾਂ ਦੀ ਹਾਲਤ ਸਾਡੇ ਪਿੰਡ ਦੇ ਫੁੱਮਣ ਸਿੰਘ (ਨਕਲੀ ਨਾਮ) ਦੀ ਹੋਈ ਸੀ, ਉਹ ਵੀ ਇਸੇ ਬਿਮਾਰੀ ਦਾ ਮਰੀਜ ਸੀ, ਬਹੁਤ ਇਲਾਜ ਕਰਾਇਆ ਉਸਦੇ ਪਰਿਵਾਰ ਨੇ, ਬਸ ਬਚਿਆ ਹੀ ਨਹੀਂ, ਚਾਰ ਕੁ ਹਫਤੇ ਬਾਅਦ ਹੀ ਤੁਰ ਗਿਆ, ਪਰ ਅਜੇ ਜਾਣ ਦੀ ਉਮਰ ਤਾਂ ਹੈ ਨਹੀ ਸੀ ਉਸਦੀ, ਇਸ ਕਰਕੇ ਆਪਣੀ ਬਿਮਾਰੀ ਦਾ ਚੰਗੀ ਤਰਾਂ ਇਲਾਜ ਕਰਾ।" ਹੁਣ ਤੁਸੀਂ ਆਪ ਸੋਚੋ ਕਿ ਇਥੇ ਉਕਤ ਖਬਰ ਲੈਣ ਵਾਲਾ ਵਿਅਕਤੀ ਮਰੀਜ ਦੀ ਖਬਰ ਲੈਣ ਗਿਆ ਸੀ ਜਾਂ ਉਸ ਨੂੰ ਮੌਤ ਦੀ ਚੇਤਾਵਨੀ ਦੇਣ ਗਿਆ ਸੀ ?"ਇਸ ਤਰਾਂ ਦੇ ਖਬਰ ਲੈਣ ਵਾਲਿਆਂ ਤੋਂ ਵੀ ਬਿਮਾਰੀ ਸਮੇਂ ਬਹੁਤ ਸਾਵਧਾਨ ਰਹਿਣ ਦੀ ਲੋੜ ਹੁੰਦੀ ਹੈ।

ਇਸੇ ਤਰ੍ਹਾਂ ਪੈਸੇ ਦੀ ਬੱਚਤ ਕਰਨ ਵਾਸਤੇ ਸਸਤਾ ਇਲਾਜ ਕਰਾਉਣ ਲਈ ਨੀਮ ਹਕੀਮਾਂ ਤੋਂ ਹਮੇਸ਼ਾ ਹੀ ਬਚਿਆ ਜਾਣਾ ਚਾਹੀਦਾ ਹੈ, ਅਜਿਹਾ ਕਰਨ ਤੋਂ ਪਹਿਲਾਂ ਸੌ ਵਾਰ ਇਹ ਜ਼ਰੂਰ ਸੋਚ ਲੈਣਾ ਚਾਹੀਦਾ ਹੈ ਕਿ ਇਹ ਜਿੰਦਗੀ ਬਹੁਤ ਅਨਮੋਲ ਹੈ, ਇਕ ਵਾਰ ਮਿਲੀ ਹੈ, ਕਦੇ ਵੀ ਅਜਾਈ ਜਾਂ ਭੰਗ ਦੇ ਭਾੜੇ ਨਹੀਂ ਗੁਆਈ ਜਾਣੀ ਚਾਹੀਦੀ।

—ਚਲਦਾ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ.)

# ਸ਼ੁਭਕਰਨ ਸਿੰਘ ਮਾਮਲੇ ਵਿੱਚ ਬਿਆਨ ਦਰਜ ਕਰੇਗੀ ਕਮੇਟੀ, ਹਾਈਕੋਰਟ ਤੋਂ ਰਿਪੋਰਟ ਦੇਣ ਲਈ 6 ਹਫ਼ਤਿਆਂ ਦਾ ਮੰਗਿਆ ਸਮਾਂ



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪ੍ਰਦਰਸ਼ਨਕਾਰੀ ਕਿਸਾਨ ਸ਼ੁਭਕਰਨ ਸਿੰਘ ਦੀ ਮੌਤ ਦੇ ਮਾਮਲੇ 'ਚ ਨਿਆਂਇਕ ਜਾਂਚ ਕਮੇਟੀ ਨੂੰ ਆਪਣੀ ਰਿਪੋਰਟ ਪੇਸ਼ ਕਰਨ ਲਈ ਛੇ ਹਫ਼ਤਿਆਂ ਦਾ ਸਮਾਂ ਦਿੱਤਾ ਹੈ। ਬੁੱਧਵਾਰ ਨੂੰ ਕਾਰਜਕਾਰੀ ਚੀਫ਼ ਜਸਟਿਸ ਜੀਐਸ ਸੰਧਾਵਾਲੀਆ ਅਤੇ ਜਸਟਿਸ ਲੁਪਿਤਾ ਬੈਨਰਜੀ ਨੇ ਜਾਂਚ ਕਮੇਟੀ ਵੱਲੋਂ ਭੇਜੇ ਪੱਤਰ 'ਤੇ ਵਿਚਾਰ ਕੀਤਾ, ਜਿਸ ਵਿੱਚ ਅਦਾਲਤ ਨੂੰ ਦੱਸਿਆ ਗਿਆ ਕਿ ਸ਼ੁਭਕਰਨ ਸਿੰਘ ਦੀ ਮੌਤ ਦੀ ਜਾਂਚ ਲਈ ਛੇ ਹਫ਼ਤਿਆਂ ਦਾ ਸਮਾਂ ਚਾਹੀਦਾ ਹੈ ਕਿਉਂਕਿ ਹਰਿਆਣਾ ਸਰਕਾਰ ਨੇ ਇੱਕ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਨੇ ਜਾਂਚ ਕਮੇਟੀ ਨੂੰ ਚੁਣੌਤੀ ਦੇਣ ਕਾਰਨ ਜਾਂਚ ਨਹੀਂ ਕਰਵਾਈ ਗਈ। ਅਦਾਲਤ ਨੇ ਦੋਵਾਂ ਰਾਜਾਂ ਨੂੰ ਨਿਆਂਇਕ ਜਾਂਚ ਕਮੇਟੀ ਨਾਲ ਸਹਿਯੋਗ ਕਰਨ ਦੇ ਵੀ ਹੁਕਮ ਦਿੱਤੇ ਹਨ। ਸ਼ੁਭਕਰਨ ਸਿੰਘ ਦੀ 21 ਫਰਵਰੀ ਨੂੰ ਪੰਜਾਬ-ਹਰਿਆਣਾ ਸਰਹੱਦ 'ਤੇ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀ ਗਾਰੰਟੀ ਵਾਲੇ ਕਾਨੂੰਨ ਦੀ ਮੰਗ ਨੂੰ ਲੈ ਕੇ ਹੋਏ ਪ੍ਰਦਰਸ਼ਨ ਦੌਰਾਨ ਮੌਤ ਹੋ ਗਈ ਸੀ। ਦੋਸ਼ ਹੈ ਕਿ ਉਸ ਦੀ ਮੌਤ ਹਰਿਆਣਾ ਪੁਲਿਸ ਵੱਲੋਂ ਚਲਾਈ ਗਈ ਗੋਲੀ ਕਾਰਨ ਹੋਈ ਹੈ। 7 ਮਾਰਚ ਨੂੰ ਹਾਈਕੋਰਟ ਨੇ ਸ਼ੁਭਕਰਨ ਸਿੰਘ ਦੀ ਮੌਤ ਦੀ ਜਾਂਚ ਲਈ ਹਾਈਕੋਰਟ ਦੇ ਸੇਵਾਮੁਕਤ ਜੱਜ ਦੀ ਪ੍ਰਧਾਨਗੀ ਹੇਠ ਕਮੇਟੀ ਦਾ ਗਠਨ ਕੀਤਾ ਸੀ।

# ਪੰਜਾਬ 'ਚ ਵੱਡਾ ਹਾਦਸਾ ਸਿਲੰਡਰ ਫਟਣ ਕਾਰਣ ਪੂਰਾ ਪਰਿਵਾਰ ਸੜਿਆ

ਅਜਨਾਲਾ (ਫਰਿਆਦ) : ਸਬ-ਡਵੀਜ਼ਨ ਅਜਨਾਲਾ ਅਧੀਨ ਆਉਂਦੇ ਇਤਿਹਾਸਿਕ ਕਸਬਾ ਰਮਦਾਸ ਵਿਖੇ ਬੀਤੀ ਰਾਤ ਬੇਹੱਦ ਭਿਆਨਕ ਘਟਨਾ ਵਾਪਰ ਗਈ। ਇਸ ਵਿਚ ਘਰ ਦਾ ਸਿਲੰਡਰ ਫਟ ਗਿਆ, ਜਿਸ ਕਾਰਣ ਇਕੋ ਪਰਿਵਾਰ ਦੇ ਪੰਜ ਜੀਅ ਬੁਰੀ ਤਰ੍ਹਾਂ ਝੁਲਸ ਗਈ, ਜਦਕਿ ਇਕ ਬੱਚੇ ਦੀ ਹਾਲਤ ਜ਼ਿਆਦਾ ਨਾਜ਼ੁਕ ਦੱਸੀ ਜਾ ਰਹੀ ਹੈ। ਇਸ ਸੰਬੰਧੀ ਪੀੜਤ ਪਰਿਵਾਰ ਦੀ ਮੈਂਬਰ ਅਤੇ ਬੱਚੇ ਦੀ ਮਾਂ ਅੰਮ੍ਰਿਤਪਾਲ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਬੀਤੀ ਰਾਤ ਸਿਲੰਡਰ ਫਟਣ ਕਾਰਣ ਅੱਗ ਲੱਗ ਗਈ। ਇਸ ਕਾਰਨ ਪਰਿਵਾਰ ਦੇ 5 ਜੀਅ ਬੁਰੀ ਤਰ੍ਹਾਂ ਨਾਲ ਸੜ ਗਏ ਹਨ। ਜ਼ਖਮੀਆਂ ਵਿਚ ਉਨ੍ਹਾਂ ਦਾ ਤਿੰਨ ਸਾਲ ਦਾ ਪੁੱਤਰ ਗੁਰਵੰਸ਼ਦੀਪ ਸਿੰਘ ਵੀ ਹੈ, ਜਿਸ ਦੀ ਹਾਲਤ ਅਤਿ-ਗੰਭੀਰ ਬਣੀ ਹੋਣ ਕਾਰਣ ਉਸ ਨੂੰ ਅੰਮ੍ਰਿਤਸਰ ਦੇ ਪ੍ਰਾਈਵੇਟ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
ਨਸ਼ਾ ਛੁਡਾਓ
STOP
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ, ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ੁਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਪੇਟ 'ਚ ਗੈਸ ਬਣਨ ਦੀ ਸਮੱਸਿਆ ਤੋਂ ਤੁਸੀਂ ਵੀ ਹੋ ਪ੍ਰੇਸ਼ਾਨ ?



ਪੇਟ ਵਿੱਚ ਗੈਸ ਬਣਨ ਦਾ ਸਭ ਤੋ ਵੱਡਾ ਕਾਰਨ ਗਲਤ ਅਤੇ ਅਚਨਚੇਤੀ ਖਾਣ ਦੀਆਂ ਆਦਤਾਂ ਹਨ। ਹਾਲਾਂਕਿ ਬਹੁਤ ਸਾਰੇ ਲੋਕ ਇਸ ਸਮੱਸਿਆ ਤੋ ਪੀੜਤ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਪੇਟ 'ਚ ਗੈਸ ਬਣਨਾ ਤੁਹਾਡੀ ਸਿਹਤ ਲਈ ਬਹੁਤ ਖਤਰਨਾਕ ਹੋ ਸਕਦਾ ਹੈ। ਦਰਅਸਲ, ਜੇਕਰ ਤੁਹਾਡੇ ਪੇਟ ਵਿੱਚ ਗੈਸ ਬਣ ਜਾਂਦੀ ਹੈ, ਤਾਂ ਇਸਦੇ ਕਾਰਨ, ਤੁਹਾਨੂੰ ਤੇਜ਼ ਸਿਰ ਦਰਦ ਹੋ ਸਕਦਾ ਹੈ ਅਤੇ ਜੇਕਰ ਬਹੁਤ ਜ਼ਿਆਦਾ ਗੈਸ ਬਣ ਜਾਂਦੀ ਹੈ, ਤਾਂ ਛਾਤੀ ਵਿੱਚ ਜਲਨ ਹੋ ਸਕਦੀ ਹੈ, ਜਿਸ ਤੋ ਬਾਅਦ ਤੁਹਾਨੂੰ ਉਲਟੀਆਂ ਅਤੇ ਦਸਤ ਦੀ ਸਮੱਸਿਆ ਹੋ ਸਕਦੀ ਹੈ।

ਦਸਤ ਗੈਸ ਬਣਨ ਨਾਲ ਲੋਕਾਂ ਦਾ ਪੇਟ ਫੁੱਲਣ ਲੱਗਦਾ ਹੈ ਅਤੇ ਪਾਚਨ ਨਾਲ ਜੁੜੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ। ਜੇਕਰ ਤੁਹਾਨੂੰ ਵੀ ਜ਼ਿਆਦਾ ਗੈਸ ਦਾ ਉਤਪਾਦਨ ਹੁੰਦਾ ਹੈ ਤਾਂ ਇਸ ਸਮੱਸਿਆ ਨੂੰ ਹਲਕੇ ਵਿੱਚ ਨਾ ਲਓ। ਅਜਿਹਾ ਕਰਨਾ ਤੁਹਾਡੀ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਜੇਕਰ ਤੁਹਾਨੂੰ ਵੀ ਗੈਸ ਦੀ ਸਮੱਸਿਆ ਹੈ ਤਾਂ ਇਨ੍ਹਾਂ ਮਸਾਲਿਆਂ ਦਾ ਸੇਵਨ ਜ਼ਰੂਰ ਕਰੋ। ਰਸੋਈ 'ਚ ਪਾਏ ਜਾਣ ਵਾਲੇ ਇਹ ਮਸਾਲੇ ਗੈਸ ਅਤੇ ਪੇਟ ਦਰਦ ਦੀ ਸਮੱਸਿਆ ਨੂੰ ਦੂਰ ਕਰਨ 'ਚ ਬਹੁਤ ਕਾਰਗਰ ਹੁੰਦੇ ਹਨ।

**ਪੇਟ ਦੀ ਗੈਸ ਲਈ ਇਨ੍ਹਾਂ ਮਸਾਲਿਆਂ ਦਾ ਸੇਵਨ ਕਰੋ:**

**ਹੀਂਗ:** ਹੀਂਗ ਭੋਜਨ ਦਾ ਸੁਆਦ ਵਧਾਉਦੀ ਹੈ। ਇਸ ਤੋ ਇਲਾਵਾ ਇਹ ਗੈਸ ਦੀ ਸਮੱਸਿਆ ਨੂੰ ਦੂਰ ਕਰਨ 'ਚ ਵੀ ਕਾਰਗਰ ਹੈ। ਇਸ ਦੇ ਲਈ ਇਕ ਗਲਾਸ ਗਰਮ ਪਾਣੀ ਵਿਚ ਹੀਂਗ ਮਿਲਾ ਕੇ ਪੀਓ। ਅਜਿਹਾ ਕਰਨ ਨਾਲ ਗੈਸ ਦੀ ਸਮੱਸਿਆ ਨੂੰ ਕਾਫੀ ਹੱਦ ਤੱਕ ਹੱਲ ਕੀਤਾ ਜਾ ਸਕਦਾ ਹੈ। ਦਿਨ ਵਿਚ 2-3 ਵਾਰ ਹੀਂਗ ਦਾ ਪਾਣੀ ਪੀਣਾ ਚੰਗਾ ਰਹੇਗਾ।

**ਕਾਲੀ ਮਿਰਚ :** ਰਸੋਈ 'ਚ ਮੌਜੂਦ ਕਾਲੀ ਮਿਰਚ ਗੈਸ ਦੀ ਸਮੱਸਿਆ ਨੂੰ ਵੀ ਦੂਰ ਕਰਦੀ ਹੈ। ਕਾਲੀ ਮਿਰਚ ਦੇ ਸੇਵਨ ਨਾਲ ਨਾ ਸਿਰਫ ਗੈਸ ਦੀ ਸਮੱਸਿਆ ਤੋ ਰਾਹਤ ਮਿਲਦੀ ਹੈ, ਸਗੋ ਇਹ ਪਾਚਨ ਕਿਰਿਆ ਨੂੰ ਵੀ ਠੀਕ ਕਰਦੀ ਹੈ। ਪੇਟ 'ਚ ਗੈਸ ਹੋਣ 'ਤੇ ਤੁਸੀਂ ਕਾਲੀ ਮਿਰਚ ਪਾਊਡਰ 'ਚ ਮਿਲਾ ਕੇ ਦੁੱਧ ਪੀ ਸਕਦੇ ਹੋ।

**ਦਾਲਚੀਨੀ :** ਦਾਲਚੀਨੀ ਦਾ ਸੇਵਨ ਕਰਨ ਨਾਲ ਗੈਸ ਦੀ ਸਮੱਸਿਆ ਦੂਰ ਰਹਿੰਦੀ ਹੈ। ਇਸ ਦੇ ਲਈ ਦਾਲਚੀਨੀ ਨੂੰ ਪਾਣੀ 'ਚ ਉਬਾਲ ਲਓ ਅਤੇ ਫਿਰ ਇਸ ਨੂੰ ਠੰਡਾ ਕਰਕੇ ਪੀਓ। ਰੋਜ਼ ਸਵੇਰੇ ਖਾਲੀ ਪੇਟ ਦਾਲਚੀਨੀ ਦੇ ਪਾਣੀ ਦਾ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ। ਜੇਕਰ ਤੁਹਾਨੂੰ ਇਸ ਦਾ ਸਵਾਦ ਪਸੰਦ ਨਹੀਂ ਹੈ ਤਾਂ ਤੁਸੀ ਇਸ 'ਚ ਸ਼ਹਿਦ ਵੀ ਮਿਲਾ ਸਕਦੇ ਹੋ।

**ਲਸਣ :** ਲਸਣ ਸਿਹਤ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਗੈਸ ਦੀ ਸਮੱਸਿਆ 'ਚ ਵੀ ਲਸਣ ਖਾਣਾ ਬਹੁਤ ਫਾਇਦੇਮੰਦ ਹੁੰਦਾ ਹੈ। ਪੇਟ 'ਚ ਗੈਸ ਹੋਣ 'ਤੇ ਲਸਣ ਨੂੰ ਜੀਰੇ ਅਤੇ ਧਨੀਏ ਦੇ ਨਾਲ ਉਬਾਲੋ। ਦਿਨ ਵਿੱਚ ਦੋ ਵਾਰ ਇਸ ਦਾ ਸੇਵਨ ਕਰੋ। ਅਜਿਹਾ ਕਰਨ ਨਾਲ ਗੈਸ

# ਸ਼ੂਗਰ ਦੇ ਮਰੀਜ਼ ਨਰਾਤਿਆਂ ਦੇ ਵਰਤ 'ਚ ਰੱਖਣ ਇਨ੍ਹਾਂ ਗੱਲਾਂ ਦਾ ਧਿਆਨ, ਲਾਪਰਵਾਹੀ ਵਿਗਾੜ ਸਕਦੀ ਏ ਸਿਹਤ

ਮਾਤਾ ਦੇ ਚੇਤਰ ਦੇ ਨਰਾਤੇ ਅੱਜ ਤੋ ਸ਼ੁਰੂ ਹੋ ਗਏ ਹਨ। ਨਰਾਤਿਆਂ ਵਿਚ 9 ਦਿਨਾਂ ਦੌਰਾਨ ਦੇਵੀ ਦੁਰਗਾ ਦੇ ਭਗਤ ਉਸਦੇ ਨੌ ਰੂਪਾਂ ਦੀ ਪੂਜਾ ਕਰਦੇ ਹਨ ਅਤੇ ਵਰਤ ਰੱਖਦੇ ਹਨ। ਨਰਾਤਿਆਂ ਦੌਰਾਨ ਰੱਖੇ ਜਾਣ ਵਾਲੇ ਵਰਤ ਨਾ ਸਿਰਫ ਆਸਥਾ ਸਗੋ ਸਿਹਤ ਨਾਲ ਸਬੰਧਤ ਬਹੁਤ ਸਾਰੇ ਲਾਭ ਵੀ ਲਿਆਉਂਦੇ ਹਨ। ਤੁਹਾਨੂੰ ਦੱਸ ਦੇਈਏ ਕਿ ਵਰਤ ਰੱਖਣ ਨਾਲ ਸਰੀਰ 'ਚੋ ਜ਼ਹਿਰੀਲੇ ਤੱਤ ਬਾਹਰ ਨਿਕਲ ਜਾਂਦੇ ਹਨ। ਜਿਸ ਨਾਲ ਸਰੀਰ ਪੂਰੀ ਤਰ੍ਹਾਂ ਡਿਟੌਕਸ ਹੋ ਜਾਂਦਾ ਹੈ। ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਹੋ ਅਤੇ ਨਵਰਾਤਰੀ ਦਾ ਵਰਤ ਰੱਖਣਾ ਚਾਹੁੰਦੇ ਹੋ ਤਾਂ ਆਪਣੀ ਆਸਥਾ ਦੇ ਨਾਲ-ਨਾਲ ਚੰਗੀ ਸਿਹਤ ਬਣਾਈ ਰੱਖਣ ਲਈ ਨਰਾਤਿਆਂ ਦੇ ਵਰਤ ਨਾਲ ਜੁੜੀਆਂ ਇਨ੍ਹਾਂ ਗੱਲਾਂ ਦਾ ਖਾਸ ਧਿਆਨ ਰੱਖੋ।

**ਸ਼ੂਗਰ ਦੇ ਮਰੀਜ਼ਾਂ ਨੂੰ ਨਰਾਤਿਆਂ ਦੌਰਾਨ ਇਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ-**

**ਡਾਕਟਰ ਦੀ ਸਲਾਹ-** ਇਨਸੁਲਿਨ ਦੀ ਉਚ ਖੁਰਾਕ ਲੈਣ ਵਾਲੇ ਸ਼ੂਗਰ ਦੇ ਮਰੀਜ਼ਾਂ ਨੂੰ ਡਾਕਟਰ ਦੀ ਸਲਾਹ ਤੋ ਬਿਨਾਂ ਨਰਾਤਿਆਂ ਦਾ ਵਰਤ ਨਹੀਂ ਰੱਖਣਾ ਚਾਹੀਦਾ। ਅਜਿਹਾ ਕਰਨ ਨਾਲ ਬਲੱਡ ਸ਼ੂਗਰ ਦਾ ਪੱਧਰ ਤੇਜ਼ੀ ਨਾਲ ਘਟ ਸਕਦਾ ਹੈ। ਜਿਸ ਕਾਰਨ ਮਰੀਜ਼ ਨੂੰ ਕਿਡਨੀ, ਲੀਵਰ, ਹਾਈ ਬਲੱਡ ਪ੍ਰੈਸ਼ਰ ਅਤੇ ਦਿਲ ਦੀਆਂ ਬੀਮਾਰੀਆਂ ਦਾ ਖਤਰਾ ਹੋ ਸਕਦਾ ਹੈ।


**ਕੱਟੂ ਦਾ ਆਟਾ-** ਸ਼ੂਗਰ ਦੇ ਮਰੀਜ਼ ਨਰਾਤਿਆਂ ਦੇ ਵਰਤ ਦੌਰਾਨ ਘੱਟ ਜੀਆਈ ਕਾਰਬੋਹਾਈਡਰੇਟ ਕੱਟੂ ਆਟੇ ਦਾ ਸੇਵਨ ਕਰ ਸਕਦੇ ਹਨ। ਕੱਟੂ ਦਾ ਆਟਾ ਖਾਣ ਨਾਲ ਕਾਰਬੋਹਾਈਡਰੇਟ ਹੌਲੀ-ਹੌਲੀ ਰਿਲੀਜ਼ ਹੁੰਦਾ ਹੈ, ਜੋ ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦਾ ਹੈ ਅਤੇ ਮੈਟਾਬੌਲਿਜ਼ਮ ਨੂੰ ਵੀ ਵਧਾਉਂਦਾ ਹੈ।

**ਹਾਈਡਰੇਟਿਡ ਰਹਿਣਾ ਜ਼ਰੂਰੀ ਹੈ-** ਡਾਇਬਟੀਜ਼ ਦੇ ਮਰੀਜ਼ਾਂ ਨੂੰ ਵਰਤ ਦੇ ਦੌਰਾਨ ਡੀਹਾਈਡ੍ਰੇਸ਼ਨ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹੇ 'ਚ ਡੀਹਾਈਡ੍ਰੇਸ਼ਨ ਤੋ ਬਚਣ ਲਈ ਡਾਇਬਟੀਜ਼ ਦੇ ਮਰੀਜ਼ ਨਵਰਾਤਰੀ ਦੇ ਵਰਤ ਦੌਰਾਨ ਆਪਣੀ ਖੁਰਾਕ 'ਚ ਮੱਖਣ, ਨਿੰਬੂ ਪਾਣੀ ਅਤੇ ਨਾਰੀਅਲ ਪਾਣੀ ਨੂੰ ਸ਼ਾਮਲ ਕਰ ਸਕਦੇ ਹਨ। ਅਜਿਹਾ ਕਰਨ ਨਾਲ ਬਲੱਡ ਸ਼ੂਗਰ ਨੂੰ ਕੰਟਰੋਲ ਤੋ ਬਾਹਰ ਹੋਣ ਤੋ ਬਚਾਇਆ ਜਾ ਸਕਦਾ ਹੈ।

**ਪ੍ਰੋਬਾਇਓਟਿਕਸ-** ਨਵਰਾਤਰੀ ਦੌਰਾਨ ਵਰਤ ਰੱਖਣ ਵਾਲੇ ਲੋਕਾਂ ਲਈ ਦਹੀ ਸਭ ਤੋ ਵਧੀਆ ਭੋਜਨ ਹੈ। ਵਰਤ ਤੋੜਨ ਤੋ ਬਾਅਦ ਤੁਹਾਨੂੰ ਇੱਕ ਕੱਪ ਦਹੀਂ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਨਾਲ ਪੇਟ ਨੂੰ ਸ਼ਾਂਤ ਕੀਤਾ ਜਾ ਸਕਦਾ ਹੈ, ਐਸੀਡਿਟੀ ਅਤੇ ਗੈਸ ਤੋ ਬਚਿਆ ਜਾ ਸਕਦਾ ਹੈ। ਇਸ ਤੋ ਇਲਾਵਾ ਘੱਟ ਚਰਬੀ ਵਾਲੇ ਡੇਅਰੀ ਪ੍ਰੋਟੀਨ ਜਿਵੇਂ ਕਿ ਮੱਖਣ, ਦਹੀ, ਪਨੀਰ ਨੂੰ ਆਪਣੀ ਖੁਰਾਕ ਵਿਚ ਸ਼ਾਮਲ ਕਰੋ, ਤਾਂ ਜੋ ਹਰ ਤਰ੍ਹਾਂ ਦੀ ਸ਼ੂਗਰ ਦੀ ਕ੍ਰੇਨਿੰਹ ਨੂੰ ਘੱਟ ਕੀਤਾ ਜਾ ਸਕੇ ਅਤੇ ਦਿਨ ਭਰ ਤੁਹਾਡਾ ਐਨਰਜੀ ਲੈਵਲ ਠੀਕ ਰਹੇ।

# ਜ਼ਰੂਰੀ ਹੈ ਮੂੰਹ ਦੇ ਅੰਦਰ ਦੀ ਦੇਖਭਾਲ



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

"ਵਿਸ਼ਵ ਓਰਲ ਹੈਲਥ ਮਹੀਨਾ 2024 ਦਾ ਥੀਮ ਹੈ- ਹੈਪੀ ਮਾਊਥ ਯਾਨਿ ਓਰਲ ਹੈਲਥ ਪ੍ਰਤੀ ਜਾਗਰੂਕਤਾ। ਵਿਸ਼ਵ ਭਰ 'ਚ ਬੱਚਿਆਂ ਤੋਂ ਲੈ ਕੇ ਹਰ ਉਮਰ ਦੇ ਲੋਕਾਂ 'ਚ ਆਮ ਸਮੱਸਿਆ ਸਾਹ ਲੈਣ ਦੌਰਾਣ ਬੁਦਬੂ ਦਾ ਰਹਿਣਾ, ਮੂੰਹ ਦਾ ਕੈਂਸਰ, ਛੋਟੀ ਉਮਰ ਵਿੱਚ ਹੀ ਕਿਸੇ ਵੀ ਇਨਫੈਕਸ਼ਨ 'ਤੇ ਬਿਮਾਰੀਆਂ ਨਾਲ ਦੰਦਾਂ ਦਾ ਦਰਦ ਰਹਿਣਾ, ਜਾਂ ਝੱੜ ਜਾਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ"- ਅਨਿਲ ਧੀਰ. ਕਾਲਮਨਿਸਟ. ਥੈਰਾਪਿਸਟ. ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ

ਹੈਲਥ ਮੀਡੀਆ ਕੇਨੈਡਾ : ਓਰਲ ਸਿਹਤ ਮਹੀਨਾ 2024 ਤੰਦਰੁਸਤ ਜ਼ਿੰਦਗੀ ਲਈ ਮੌਖਿਕ ਸਿਹਤ ਸੰਬੰਧੀ ਜਾਗਰੂਕਤਾ ਅਤੇ ਹਰ ਉਮਰ 'ਚ ਓਰਲ-ਕੇਅਰ ਦੀ ਮਹੱਤਤਾ ਬਾਰੇ ਗੱਲ ਕੀਤੀ ਜਾ ਰਹੀ ਹੈ। ਅੱਜ 532 ਮਿਲੀਅਨ ਤੋਂ ਵੱਧ ਬੱਚੇ ਦੰਦਾਂ ਦੇ ਰੋਗਾਂ ਦੇ ਸ਼ਿਕਾਰ ਹਨ ਅਤੇ ਵਿਸ਼ਵ ਦੀ 19% ਆਬਾਦੀ ਮੌਖਿਕ ਰੋਗਾਂ ਦੇ ਘੇਰੇ ਵਿਚ ਆ ਚੁੱਕੇ ਹਨ। ਸਰੀਰ ਅੰਦਰ ਹੋਣ ਵਾਲੇ ਕੈਂਸਰ ਵਿੱਚੋਂ ਮੂੰਹ ਯਾਨਿ ਮੌਖਿਕ ਕੈਂਸਰ ਤੇਜ਼ੀ ਨਾਲ ਵੱਧ ਰਿਹਾ ਹੈ। ਓਰਲ ਯਾਨਿ ਲਿੱਪ, ਮੂੰਹ ਦੇ ਦੂਜੇ ਹਿਸਿਆਂ ਅਤੇ ਓਰੋਫੈਨਿਕਸ ਕੈਂਸਰ ਔਰਤਾਂ-ਮਰਦਾਂ ਵਿਚ ਦੇਖਿਆ ਜਾ ਰਿਹਾ ਹੈ। ਕੁੱਝ ਏਸ਼ਿਆਈ ਮੁਲਕਾਂ ਵਿਚ ਨੌਜਵਾਨਾਂ ਵਿਚ ਮੂੰਹ ਦੇ ਕੈਂਸਰ ਦਾ ਆਂਕੜਾ ਵੀ ਵੱਧਿਆ ਹੈ। ਵਿਸ਼ਵ ਭਰ ਵਿਚ ਮੂੰਹ ਦਾ ਕੈਂਸਰ, ਦੰਦਾਂ ਦੀ ਇਨਫੈਕਸ਼ਨ, ਕੈਵਿਟੀ, ਸੂਜਨ, ਵਰਗੀ ਬਿਮਾਰੀਆਂ ਦਾ ਪ੍ਰਤੀਸ਼ਤ ਘਰੋ-ਘਰੀ ਤੇਜ਼ੀ ਨਾਲ ਵੱਧ ਰਿਹਾ ਹੈ। ਅੱਜ ਸਕੂਲੀ ਬੱਚੇ 76-91%, ਅਤੇ ਕਰੀਬਨ 90-96% ਬਾਲਗ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ। ਹਰ ਸਾਲ ਕਨੇਡਾ ਵਿਚ ਅੰਦਾਜ਼ਨ 2.4 ਮਿਲੀਅਨ ਬੱਚਿਆਂ ਨੂੰ ਦੰਦਾਂ ਦੀ ਤਕਲੀਫ ਕਾਰਨ ਸਕੂਲ ਤੋਂ ਛੁੱਟੀ ਕਰਨੀ ਪੈਂਦੀ ਹੈ। ਅਮਰੀਕਾ ਵਿਚ ਬੱਚੇ ਦਮੇ ਨਾਲੋਂ ਜ਼ਿਆਦਾ ਮੂੰਹ ਦੇ ਰੋਗਾਂ ਦੇ ਸ਼ਿਕਾਰ ਹਨ।

ਵਿਸ਼ਵ ਸਿਹਤ ਸੰਸਥਾ ਨੇ ਓਰਲ ਸਿਹਤ ਪ੍ਰੋਗਰਾਮਾਂ ਵਿਚ ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਪ੍ਰਭਾਵਸ਼ਾਲੀ ਵਰਤੋਂ, ਪੌਸ਼ਟਿਕ ਖੁਰਾਕ ਦੁਆਰਾ ਓਰਲ ਬਿਮਾਰੀ ਦੀ ਰੋਕਥਾਮ, ਸੀਨੀਅਰਜ਼ ਅਤੇ ਗਰਭਵਤੀ ਔਰਤਾਂ ਵਿਚ ਮੌਖਿਕ ਸਿਹਤ ਬਾਰੇ ਦੇਖਭਾਲ, ਤੰਬਾਕੂ ਸੰਬੰਧੀ ਰੋਗਾਂ 'ਤੇ ਕੰਟ੍ਰੋਲ, ਸਕੂਲੀ ਪੱਧਰ 'ਤੇ ਮੌਖਿਕ ਸਿਹਤ ਨੂੰ ਉਤਸ਼ਾਹਿਤ ਕਰਨਾ, ਜ਼ੁਬਾਨੀ ਸਿਹਤ ਪ੍ਰਣਾਲੀਆਂ ਦਾ ਵਿਕਾਸ ਅਤੇ ਰੋਕਥਾਮ 'ਤੇ ਸਿਹਤ ਨੂੰ ਉਤਸ਼ਾਹਿਤ ਕਰਨ ਲਈ ਸੇਵਾਵਾਂ ਦਾ ਰੁਝਾਨ, ਰਾਸ਼ਟਰੀ- ਅੰਤਰਰਾਸ਼ਟਰੀ ਪੱਧਰ' ਤੇ ਮੌਖਿਕ ਸਿਹਤ ਪ੍ਰਤੀ ਅਵੇਅਰਨੈਸ ਨੂੰ ਅੱਗੇ ਰੱਖਿਆ ਹੈ। ਪੀਰੀਅਡੋਂਟਿਲ ਬਿਮਾਰੀ ਵਿੱਚ ਦੰਦਾਂ ਦੇ ਆਲੇ-ਦੁਆਲੇ ਦੇ ਟਿਸ਼ੂਆਂ ਨੂੰ ਪ੍ਰਭਾਵਿਤ ਕਰਦੇ ਹਨ। ਖੂਨ ਵਗਣ ਦੇ ਨਾਲ ਦਰਦ ਅਤੇ ਸਾਹ ਬਦਬੂਦਾਰ ਆਉਂਦਾ ਹੈ। ਗੰਭੀਰ ਹਾਲਤ ਵਿਚ ਦੰਦ ਲੂਜ਼ ਹੋ ਕੇ ਬਾਹਰ ਵੀ ਅ ਜਾਂਦੇ ਹਨ। ਗੰਭੀਰ ਪੀਰੀਅਡੌਂਟਲ ਬਿਮਾਰੀਆਂ ਨੇ ਵਿਸ਼ਵ ਦੀ ਅਦਾਜ਼ਨ 15% ਆਬਾਦੀ ਨੂੰ ਪ੍ਰਭਾਵਿਤ ਕੀਤਾ ਹੈ।

ਮੁੱਖ ਕਾਰਨ ਤੰਬਾਕੂ ਦੀ ਜ਼ਿਆਦਾ ਵਰਤੋਂ ਜ਼ੁਬਾਨ ਦੀ ਸਫਾਈ ਪ੍ਰਤੀ ਲਾਪ੍ਰਵਾਹੀ ਦੇਖੀ ਜਾ ਰਹੀ ਹੈ। ਤੰਬਾਕੂ, ਅਲਕੋਹਲ, ਖੰਡ (ਚੀਨੀ) ਦਾ ਜ਼ਿਆਦਾ ਇਸਤੇਮਾਲ, ਮੂਹ ਦੀ ਸਫਾਈ ਪ੍ਰਤੀ ਲਾਪ੍ਰਵਾਹੀ, ਆਰਿਥਕ ਤੰਗੀ, ਕਾਰਨ ਮੌਖਿਕ ਬਿਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ।

**ਜ਼ਰੂਰੀ ਹੈ ਮੂੰਹ ਦੀ ਦੇਖਭਾਲ :** ਮੌਖਿਕ ਸਿਹਤ ਬਣਾਈ ਰੱਖਣ 'ਤੇ ਪੀਰੀਅਡੋਂਟਲ ਰੋਗ ਅਤੇ ਹੋਰ ਬਿਮਾਰੀਆਂ ਦੇ ਵਿਕਾਸ ਦੇ ਖਤਰੇ ਨੂੰ ਘੱਟ ਕਰਨ ਅੱਗੇ ਲਿਖੇ ਉਪਾਅ ਕਰ ਸਕਦੇ ਹੋ :

- ਕਾਰਬੋਹਾਈਡ੍ਰੇਟਸ ਦਾ ਜ਼ਿਆਦਾ ਸੇਵਨ, ਬੈਕਟੀਰੀਆ 'ਚ ਐਸਿਡ ਦੰਦਾਂ ਦੀ ਬਾਹਰੀ ਪਰਤ ਜਾਂ ਜੜਾਂ ਤੋਂ ਤੋੜ ਸਕਦੇ ਹਨ।
- ਦੰਦਾਂ ਦੀ ਆਮ ਸ਼ਿਕਾਇਤ ਦਾ ਇਲਾਜ਼ ਨਾ ਕੀਤੇ ਜਾਣ ਨਾਲ ਮਸੂੜਿਆਂ ਦੇ ਹੇਠ ਗੰਭੀਰ ਇਨਫੈਕਸ਼ਨ ਜੋ ਸਰੀਰ ਦੇ ਦੂਜੇ ਹਿੱਸਿਆਂ ਵਿਚ ਫੈਲ ਸਕਦੇ ਹਨ। ਨਤੀਜਾ ਖਤਰਨਾਕ ਹੋ ਸਕਦਾ ਹੈ।
- ਸ਼ੂਗਰ-ਫ੍ਰੀ ਪੌਸ਼ਟਿਕ ਖੁਰਾਕ ਅਤੇ ਸਨੈਕਸ ਰੁਟੀਨ ਵਿੱਚ ਸ਼ਾਮਿਲ ਕਰੋ।
- ਵਾਈਨ ਲੀਮਿਟ ਵਿਚ ਲਵੋ।
- ਦੰਦਾਂ ਦੇ ਰੋਗਾਂ ਦੀ ਰੋਕਥਾਮ ਲਈ ਫਲੋਰਾਈਡ ਦੇ ਅਨੁਕੂਲ ਪੱਧਰ ਲਈ ਫਲੋਰਿਡੇਟਿਡ ਪੀਣ ਵਾਲਾ ਪਾਣੀ, ਨਮਕ, ਦੁੱਧ, ਦੀ ਵਰਤੋਂ ਦੇ ਨਾਲ ਇੱਕ ਹਜ਼ਾਰ ਤੋਂ 1500 ਪੀਪੀਐਮ ਫਲੋਰਾਈਡ ਵਾਲੀ ਟੂਥਪੇਸਟ ਨਾਲ ਸਵੇਰੇ-ਸ਼ਾਮ ਦੰਦਾਂ ਨੂੰ ਕਲੀਨ ਕਰੋ।
- ਦੰਦ ਦੇ ਆਮ ਰੋਗਾਂ ਤੋਂ ਬਚਣ ਲਈ ਹਰ ਖਾਣੇ ਤੋਂ ਬਾਅਦ ਗਰਮ ਪਾਣੀ ਨਾਲ ਕੁਰਲੀ ਕਰਨ ਦੀ ਆਦਤ ਪਾ ਲਵੋ। ਦੰਦਾਂ ਦੇ ਵਿਚਕਾਰ ਫਸੇ ਹੋਏ ਖਾਣੇ ਨੂੰ ਕੱਢਣ ਲਈ ਡੇਲੀ ਫਲਾਸ ਕਰੋ। ਰਾਤ ਦੇ ਸਮੇਂ ਸੌਣ ਤੋਂ ਪਹਿਲਾਂ ਬਰੱਸ਼ ਜ਼ਰੂਰ ਕਰੋ।
- ਟੁੱਥ-ਬੁਰਸ਼ ਨੂੰ ਹਰ 2 ਮਹੀਨੇ ਬਾਅਦ ਜਰੂਰ ਬਦਲੋ। ਆਪਣੇ ਦੰਦਾਂ ਦੇ ਮੁਤਾਬਿਕ ਨਰਮ ਜਾਂ ਸਖਤ ਬ੍ਰਿਸਟਲ ਵਾਲਾ ਟੁੱਥ-ਬੁਰਸ਼ ਇਸਤੇਮਾਲ ਕਰੋ।
- ਦੰਦਾਂ ਨੂੰ ਹੇਲਦੀ ਰੱਖਣ ਲਈ ਸਾਲ ਵਿਚ 1 ਬਾਰ ਡੈਂਟਿਸਟ ਤੋਂ ਚੈਕ-ਅਪ ਕਰਾਉਣ ਦੀ ਆਦਤ ਪਾ ਲਵੋ।
- ਮੂੰਹ ਦੀ ਬਦਬੂ ਲਈ ਨਮਕ ਵਾਲੇ ਪਾਣੀ ਦੇ ਗਰਾਰੇ ਡੇਲੀ 2-3 ਬਾਰ ਕਰੋ। ਘਰੇਲੂ ਮਾਊਥ-ਬਾਸ਼ ਲਈ 1 ਕੱਪ ਘੱਟ ਗਰਮ ਪਾਣੀ ਵਿਚ 3 ਬੂੰਦਾਂ ਟੀ-ਟ੍ਰੀ ਆਇਲ ਪਾਕੇ ਇਸਤੇਮਾਲ ਕਰਨਾ ਚਾਹੀਦਾ ਹੈ।
- ਰਾਤ ਨੂੰ ਬੈਡ 'ਤੇ ਜਾਣ ਤੋਂ ਪਹਿਲਾਂ ਮੂੰਹ ਅੰਦਰ 1-2 ਬੂੰਦਾਂ ਲੌਂਗ ਦਾ ਤੇਲ ਲਗਾਓ।
- ਅੱਜ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ 'ਤੇ ਮੂੰਹ ਸਬੰਧੀ ਆਮ ਤੋਂ ਗੰਭੀਰ
- ਬਿਮਾਰੀਆਂ ਤੋਂ ਬਚਾਅ, ਦੇਖਭਾਲ ਅਤੇ ਜਾਗਰੂਕ ਕਰਨ ਲਈ ਕਮਿਊਨਿਟੀ ਡੈਂਟਲ 'ਤੇ ਓਰਲ ਹੈਲਥ ਪ੍ਰੋਗਰਾਮ, ਸੇਵਾਵਾਂ, ਦੁਆਰਾ ਐਜੂਕੇਟ ਕੀਤਾ ਜਾ ਰਿਹਾ ਹੈ।












# ਰਾਸ਼ੀਫਲ

**ਮੇਖ :** ਤੁਹਾਡਾ ਤਲਖ ਰਵੱਈਆ ਦੋਸਤਾਂ ਦੇ ਲਈ ਪਰੇਸ਼ਾਨੀ ਪੈਦਾ ਕਰ ਸਕਦਾ ਹੈ। ਹਾਲਾਂ ਕਿ ਕੋਈ ਵੀ ਕਿਸੇ ਨੂੰ ਉਧਾਰ ਦੇਣਾ ਜਾਂ ਪੈਸੇ ਦੇਣਾ ਪਸੰਦ ਨਹੀ ਕਰਦਾ ਪਰੰਤੂ ਅੱਜ ਤੁਸੀ ਕਿਸੇ ਲੋੜਵੰਦ ਨੂੰ ਪੈਸਾ ਦੇ ਕੇ ਸਕੂਨ ਦਾ ਅਨੁਭਵ ਕਰੋਗੇ। ਆਪਣੇ ਪਰਿਵਾਰ ਨੂੰ ਸਹੀ ਸਮਾਂ ਦਿਉ ਉਨਾਂ ਨੂੰ ਮਹਿਸੂਸ ਹੋਣ ਦਿਉ ਕਿ ਤੁਸੀ ਉਨਾਂ ਦਾ ਧਿਆਨ ਰੱਖਦੇ ਹੋ। ਉਨਾਂ ਨਾਲ ਚੰਗਾ ਸਮਾਂ ਬਿਤਾਉ ਅਤੇ ਸ਼ਿਕਾਇਤ ਦਾ ਮੋਕਾ ਨਾ ਦਿਉ। ਅੱਜ ਤੁਹਾਡੇ ਪਿਆਰ ਨੂੰ ਅਸਥਿਰ ਵਿਵਹਾਰ ਦੇ ਚਲਦੇ ਤੁਹਾਡੇ ਨਾਲ ਦਿੱਕਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸੇ ਨਵੀਂ ਪਰਿਯੋਜਨਾ ਤੇ ਕੰਮ ਕਰਨ ਤੋ ਪਹਿਲਾਂ ਦੋ ਵਾਰ ਸੋਚ ਵਿਚਾਰ ਲਉ। ਤੁਹਾਡਾ ਵਿਅਕਤਿਤਵ ਅਜਿਹਾ ਹੈ ਕਿ ਜਿਆਦਾ ਲੋਕਾਂ ਨਾਲ ਮਿਲ ਕੇ ਤੁਸੀ ਪਰੇਸ਼ਾਨ ਹੋ ਜਾਂਦੇ ਹੋ ਅਤੇ ਫਿਰ ਆਪਣੇ ਲਈ ਸਮਾਂ ਕੱਢਣ ਦੀ ਕੋਸ਼ਿਸ਼ ਕਰਨ ਲੱਗ ਜਾਂਦੇ ਹੋ। ਇਸ ਲਿਹਾਜ਼ ਨਾਲ ਅੱਜ ਦਾ ਦਿਨ ਤੁਹਾਡੇ ਲਈ ਬਹੁਤ ਉਮੀਦ ਵਾਲਾ ਰਹਿਣ ਵਾਲਾ ਹੈ ਅੱਜ ਤੁਹਾਨੂੰ ਆਪਣੇ ਲਈ ਸਹੀ ਸਮਾਂ ਮਿਲੇਗਾ। ਤੁਹਾਨੂੰ ਅਤੇ ਜੀਵਨਸਾਥੀ ਨੂੰ ਵਿਆਹੁਤ ਜ਼ਿੰਦਗੀ ਵਿਚ ਕੁਝ ਨਿੱਜਤਾ ਦੀ ਲੋੜ ਹੈ।

**ਬ੍ਰਿਸ਼ਭ :** ਅੱਖਾਂ ਦੇ ਮਰੀਜ਼ ਪ੍ਰਦੂਸ਼ਿਤ ਜਗ੍ਹਾਂ ਤੇ ਜਾਣ ਤੋ ਬਚੋ, ਕਿਉ ਕਿ ਧੂਆਂ ਤੁਹਾਡੀ ਅੱਖਾਂ ਨੂੰ ਹੋਰ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਸੰਭਵ ਹੋਵੇ ਤਾਂ ਸੂਰਜ ਦੀ ਤੇਜ਼ ਰੋਸ਼ਨੀ ਤੋ ਬਚੋ। ਘਰ ਦੀਆਂ ਛੋਟੀ ਛੋਟੀ ਚੀਜਾਂ ਤੇ ਅੱਜ ਤੁਹਾਡਾ ਕਾਫੀ ਪੈਸਾ ਖਰਾਬ ਹੋ ਸਕਦਾ ਹੈ ਜਿਸਦੀ ਵਜਾਹ ਨਾਲ ਤੁਸੀ ਮਾਨਸਿਕ ਤਨਾਅ ਵਿਚ ਆ ਸਕਦੇ ਹੋ। ਸ਼ਾਮ ਦੀ ਜ਼ਿਆਦਾਤਰ ਸਮਾਂ ਰਿਸ਼ਤੇਦਾਰਾਂ ਦੇ ਨਾਲ ਗੁਜ਼ਰੇਗਾ। ਸੈਕਸ ਅਪੀਲ ਲੋੜੀਦਾ ਨਤੀਜਾ ਦਿੰਦੀ ਹੈ। ਰਿਟੇਲ ਅਤੇ ਥੋਕ ਵਪਾਰੀਆਂ ਦੇ ਲਈ ਚੰਗਾ ਦਿਨ ਹੈ। ਵਪਾਰੀ ਅੱਦ ਵਪਾਰ ਤੋ ਜਿਆਦਾਂ ਆਪਣੇ ਪਰਿਵਾਰ ਦੇ ਲੋਕਾਂ ਦੇ ਵਿਚ ਸਮਾਂ ਬਿਤਾਉਣਾ ਪਸੰਦ ਕਰੋਗੇ ਇਸ ਨਾਲ ਤੁਹਾਡਾ ਪਰਿਵਾਰ ਵਿਚ ਇਕਮਿਕਤ ਬਣੇਗੀ। ਤੁਹਾਡਾ ਜੀਵਨਸਾਥੀ ਅੱਜ ਤੁਹਾਡੇ ਨਾਲ ਆਉਣ ਨਾਲ ਕੁਝ ਖੂਬਸੂਰਤ ਸ਼ਬਦਾਂ ਨੂੰ ਬਿਆਨ ਕਰੇਗਾ ਕਿ ਤੁਹਾਡੀ ਜ਼ਿੰਦਗੀ ਵਿਚ ਉਸ ਦੀ ਕੀ ਕੀਮਤ ਹੈ।

**ਮਿਥੁਨ :** ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਲਾਭ ਦੇ ਨਜ਼ਰੀਏ ਤੋ ਸਟਾਕ ਅਤੇ ਮਯੂਚਲ ਫੰਡ ਵਿਚ ਨਿਵੇਸ਼ ਕਰਨਾ ਲਾਭਦਾਇਕ ਰਹੇਗਾ। ਕਈ ਦੋਸਤ ਆਪਣੀ ਨਿੱਜੀ ਸਮੱਸਿਆ ਦੇ ਲਈ ਸਮਾਧਾਨ ਲਈ ਤੁਹਾਡੇ ਤੋ ਕੁਝ ਮੰਗ ਸਕਦਾ ਹੈ। ਥੋੜੀ ਕੋਸ਼ਿਸ਼ ਹੋਰ ਕਰੋ ਅੱਜ ਕਿਸਮਤ ਤੁਹਾਡਾ ਸਾਥ ਜਰੂਰ ਦੇਵੇਗੀ ਕਿਉ ਕਿ ਇਹ ਤੁਹਾਡਾ ਦਿਨ ਹੈ। ਕੰਮ ਕਾਰ ਨਾਲ ਜੁੜੇ ਮਾਮਲਿਆਂ ਵਿਚ ਦੋਸਤ ਦਾ ਅਹਿਮ ਸਹਿਯੋਗ ਮਦਦਗਾਰ ਰਹੇਗਾ। ਅੱਜ ਦੀ ਬੀਜ਼ੀ ਜੀਵਨ ਸ਼ੈਲੀ ਵਿਚ ਆਪਣੇ ਲਈ ਸਮਾਂ ਕੱਢਣਾ ਬਹੁਤ ਮੁਸ਼ਕਿਲ ਹੈ ਪਰੰਤੂ ਅੱਜ ਅਜਿਹਾ ਦਿਨ ਹੈ ਜਦੋ ਤੁਹਾਡੇ ਕੋਲ ਆਪਣੇ ਲਈ ਭਰਪੂਰ ਸਮਾਂ ਹੋਵੇਗਾ। ਵਿਆਹੁਤਾ ਜੀਵਨ ਨੂੰ ਬੇਹਤਰ ਬਣਾਉਣ ਦੇ ਲਈ ਤੁਹਾਡੀਆਂ ਕੋਸ਼ਿਸ਼ਾਂ ਤੁਹਾਨੂੰ ਅੱਜ ਦੀਆਂ ਆਸਾਂ ਨਾਲੋ ਵੱਧ ਦਿਖਾਉਣਗੀਆਂ।

**ਕਰਕ :** ਸਿਹਤ ਦਾ ਧਿਆਨ ਰੱਖੋ ਅਤੇ ਵਸਤਾਂ ਨੂੰ ਵਿਅਸਥਿਤ ਕਰੋ। ਅੱਜ ਤੁਹਾਨੂੰ ਆਪਣੀ ਮਾਂ ਦੇ ਪੱਖ ਤੋ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਹੋ ਸਕਦਾ ਹੈ ਕਿ ਮਾਮਾ ਜਾਂ ਨਾਨਾ ਤੁਹਾਡੀ ਆਰਥਿਕ ਮਦਦ ਕਰਨ। ਦੋਸਤ ਅਤੇ ਰਿਸ਼ਤੇਦਾਰ ਤੁਹਾਡੇ ਨਾਲ ਜ਼ਿਆਦਾ ਸਮਾਂ ਬਿਤਾਉਣ ਦੀ ਮੰਗ ਕਰਨਗੇ ਪਰੰਤੂ ਇਹ ਸਭ ਦਰਵਾਜ਼ੇ ਬੰਦ ਕਰਕੇ ਆਪਣੇ ਆਪ ਨੰ ਸ਼ਰੇਆਮ ਵਿਵਹਾਰ ਕਰਨ ਦਾ ਸਹੀ ਸਮਾਂ ਹੈ। ਕੁਝ ਲੋਕਾਂ ਦੇ ਲਈ ਜਲਦ ਹੀ ਵਿਆਹ ਦੀ ਘੰਟੀ ਵੱਜ ਸਕਦੀ ਹੈ ਜਦ ਕਿ ਦੂਸਰੇ ਜੀਵਨ ਵਿਚ ਨਵੇਂ ਰੋਮਾਂਸ ਦਾ ਅਨੁਭਵ ਕਰੋਗੇ। ਪੈਸੇ ਬਣਾਉਣ ਦੇ ਲਈ ਨਵੇਂ ਵਿਚਾਰਾਂ ਦਾ ਉਪਯੋਗ ਕਰੋ ਜੋ ਅੱਜ ਤੁਹਾਡੇ ਜ਼ਿਹਨ ਵਿਚ ਆਉਣਗੇ। ਖਾਲੀ ਸਮੇਂ ਦਾ ਅੱਜ ਤੁਸੀ ਸਦਉਪਯੋਗ ਕਰੋਗੇ ਅਤੇ ਉਨਾਂ ਕੰਮਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰੋਗੇ ਜੋ ਬੀਤੇ ਦਿਨ ਵਿਚ ਪੂਰੇ ਨਹੀਂ ਹੋਏ ਸੀ। ਅੱਜ ਤੁਹਾਡਾ ਜੀਵਨਸਾਥੀ ਤੁਹਾਡੇ ਸਾਰੇ ਚੰਗੇ ਗੁਣਾ ਦੀ ਪ੍ਰਸੰਸਾ ਕਰਨ ਅਤੇ ਤੁਹਾਡੇ ਦੁਬਾਰਾ ਡਿੱਗੇ ਦੀ ਕਦਰ ਕਰੇਗਾ।

**ਸਿੰਘ :** ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਅੱਜ ਕਿਸੀ ਕਰੀਬੀ ਨਾਲ ਤੁਹਾਡੀ ਝਗੜਾ ਹੋ ਸਕਦਾ ਹੈ ਅਤੇ ਗੱਲ ਕੋਰਟ ਕਚਹਿਰੀ ਤੱਕ ਜਾ ਸਕਦੀ ਹੈ ਜਿਸ ਦੇ ਵਜਾਹ ਨਾਲ ਚੰਗਾ ਖਾਸਾ ਧੰਨ ਖਰਚ ਹੋ ਸਕਦਾ ਹੈ। ਮੁਸ਼ਕਿਲ ਦੇ ਸਮੇਂ ਪਰਿਵਾਰ ਤੁਹਾਨੂੰ ਮਦਦ ਅਤੇ ਸਲਾਹ ਹਾਸਿਲ ਹੋਵੇਗੀ । ਤੁਸੀ ਦੂਜਿਆਂ ਦੇ ਤਜ਼ਰਬੇ ਨਾਲ ਕੁਝ ਸਿੱਖ ਸਕਦੇ ਹੋ ਇਹ ਤੁਹਾਡੇ ਆਤਮਵਿਸ਼ਵਾਸ਼ ਦੀ ਮਜ਼ਬੂਤੀ ਦੇ ਲਈ ਬਹੁਤ ਜ਼ਰੂਰੀ ਹੈ। ਪਿਆਰ ਦੀ ਤਾਕਤ ਤੁਹਾਨੂੰ ਪਿਆਰ ਕਰਨ ਦਾ ਕਾਰਨ ਦਿੰਦੀ ਹੈ। ਜੋ ਲੋਕ ਹੁਣ ਤੱਕ ਬੇਰੋਜ਼ਗਾਰ ਹਨ ਉਨਾਂ ਨੂੰ ਚੰਗੀ ਨੋਕਰੀ ਪਾਉਣ ਦੇ ਲਈ ਅੱਜ ਹੋਰ ਜਿਆਦਾ ਮਿਹਨਤ ਕਰਨ ਦੀ ਲੋੜ ਹੈ ਸਿਰਫ ਮਿਹਨਤ ਕਰਨ ਨਾਲ ਹੀ ਤੁਸੀ ਲੋੜੀਦਾ ਨਤੀਜਾ ਪ੍ਰਾਪਤ ਕਰੋਗੇ। ਤੁਹਾਨੂੰ ਆਪਣੇ ਜ਼ਿੰਦਗੀ ਦੇ ਰਿਸ਼ਤਿਆਂ ਅਤੇ ਲੋਕਾਂ ਨੂੰ ਸਮਾਂ ਦੇਣਾ ਸਿੱਖਣਾ ਪਵੇਗਾ ਜਿਸ ਦੀ ਤੁਸੀ ਸਭ ਤੋ ਵੱਧ ਕਦਰ ਕਰਦੇ ਹੋ। ਤੁਸੀ ਪੁਰਾਣੇ ਰੋਮਾਂਟਿਕ ਦਿਨਾਂ ਨੂੰ ਅੱਜ ਫਿਰ ਆਪਣੇ ਜੀਵਨਸਾਥੀ ਨਾਲ ਫਿਰ ਦੁਹਰਾਉਗੇ।

**ਕੰਨਿਆ:** ਹਾਸੇ ਭਰੀ ਜ਼ਿੰਦਗੀ ਦੇ ਲਈ ਆਪਣਾ ਜ਼ਿੱਦੀ ਅਤੇ ਅੜਿਅਲ ਰਵੱਈਆ ਦਰਕਿਨਾਰ ਕਰੋ ਕਿਉ ਕਿ ਇਸ ਨਾਲ ਸਿਰਫ ਸਮੇਂ ਦੀ ਬਰਬਾਦੀ ਹੁੰਦੀ ਹੈ। ਤੁਸੀ ਅਜਿਹੇ ਸ੍ਰੋਤ ਤੋ ਪੈਸਾ ਕਮਾ ਸਕਦੇ ਹੋ ਜਿਸ ਬਾਰੇ ਤੁਸੀ ਪਹਿਲਾਂ ਸੋਚਿਆ ਵੀ ਨਹੀ। ਅਜਿਹੇ ਮੁੱਦਿਆਂ ਤੇ ਗੱਲ ਕਰਨ ਤੋ ਬਚੋ ਜਿਨਾਂ ਨੂੰ ਲੈ ਕੇ ਪਿਆਰ ਤੋ ਵਾਦ ਵਿਵਾਦ ਹੋਣ ਦੀ ਸੰਭਾਵਨਾ ਹੈ। ਪਿਆਰ ਭਰੀ ਜ਼ਿੰਦਗੀ ਜੀਵਤ ਰਹੇਗੀ। ਖਾਸ ਲੋਕਾਂ ਦੇ ਨਾਲ ਗੱਲਬਾਤ ਕਰਦੇ ਸਮੇਂ ਆਪਣੇ ਅੱਖ ਤੇ ਕੰਨ ਖੁੱਲੇ ਰੱਖੋ ਹੋ ਸਕਦਾ ਹੈ ਕਿ ਤੁਹਾਡੇ ਹੱਥ ਕੋਈ ਕੀਮਤੀ ਵਿਚਾਰ ਲੱਗ ਜਾਵੇ। ਬਾਹਰੀ ਯਾਤਰਾ ਜ਼ਿਆਦਾ ਸੁਖਦਾਇਕ ਨਹੀ ਹੋਵੇਗੀ ਪਰੰਤੂ ਖਾਸ ਸੰਪਰਕ ਬਣਾਉਣ ਵਿਚ ਸਹਾਇਤਾ ਕਰੇਗੀ। ਤੁਹਾਡੇ ਸਥਾਨ ਤੇ ਕਿਸੇ ਬੱਚੇ ਜਾਂ ਸੀਨੀਅਰ ਨਾਗਰਿਕ ਦੀ ਖਰਾਬ ਸਿਹਤ ਤੁਹਾਨੂੰ ਤਣਾਵ ਦੇ ਸਕਦੀ ਹੈ ਇਸ ਦਾ ਸਿੱਧਾ ਪ੍ਰਭਾਵ ਤੁਹਾਡੀ ਵਿਆਹੁਤ ਜੀਵਨ ਤੇ ਪਵੇਗਾ।

**ਤੁਲਾ:** ਤਨਾਵ ਅਤੇ ਘਬਰਾਹਟ ਤੋ ਬਚੋ ਕਿਉ ਕਿ ਇਹ ਤੁਹਾਡੀ ਸਿਹਤ ਤੇ ਅਸਰ ਪਾ ਸਕਦੀ ਹੈ। ਅੱਜ ਬਿਨਾਂ ਕਿਸੇ ਦੀ ਸਲਾਹ ਲਏ ਕਿਸੇ ਵੀ ਤਰਾਂ ਦਾ ਪੈਸਾ ਨਿਵੇਸ਼ ਨਾ ਕਰੋ। ਤੁਹਾਡੇ ਆਕਰਸ਼ਣ ਅਤੇ ਵਿਅਕਤਿਤਵ ਦੇ ਜ਼ਰੀਏ ਤੁਹਾਨੂੰ ਕੁਝ ਨਵੇਂ ਦੋਸਤ ਮਿਲਣਗੇ। ਤੁਹਾਡਾ ਪਿਆਰ ਤੁਹਾਡੇ ਤੋ ਵਚਨਬੱਧਤਾ ਦੀ ਮੰਗ ਕਰੇਗਾ ਅਜਿਹਾ ਵਾਧਾ ਨਾ ਕਰਿਉ ਜਿਸ ਨੂੰ ਨਿਭਾਉਣਾ ਮੁਸ਼ਕਿਲ ਹੋਵੇ। ਅੱਜ ਲਾਭ ਹੋ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਤੁਸੀ ਆਪਣੀ ਗੱਲ ਭਲੀਭਾਂਤ ਰੱਖੋ ਅਤੇ ਕੰਮ ਵਿਚ ਲਗਾਵ ਤੇ ਉਤਸ਼ਾਹ ਦਿਖਾਉ। ਆਪਣੇ ਪ੍ਰੇਮੀ ਨੂੰ ਸਮਾਂ ਦੇਣ ਦੀ ਕੋਸ਼ਿਸ਼ ਕਰੋਗੇ ਪਰੰਤੂ ਕਿਸੇ ਜਰੂਰੀ ਕੰਮ ਆ ਜਾਣ ਦੇ ਕਾਰਨ ਤੁਸੀ ਉਨਾਂ ਨੂੰ ਸਮਾਂ ਦੇ ਪਾਉਣ ਕਾਮਯਾਬ ਨਹੀਂ ਹੋ ਸਕੋਗੇ। ਤੁਹਾਡਾ ਜੀਵਨਸਾਥੀ ਤੁਹਾਨੂੰ ਪਾ ਕੇ ਖੁਦ ਨੂੰ ਖੁਸ਼ਨਸੀਬ ਸਮਝਦਾ ਹੈ ਇਨਾਂ ਪਲਾਂ ਦਾ ਤੁਸੀ ਭਰਪੂਰ ਉਪਯੋਗ ਕਰੋਗੇ।

**ਬ੍ਰਿਸ਼ਚਕ :** ਅਚਾਨਕ ਯਾਤਰਾ ਕਰਨਾ ਥਕਾਵਟ ਭਰਿਆ ਸਾਬਿਤ ਹੋਵੇਗਾ। ਕਿਸੇ ਕਰੀਬੀ ਦੋਸਤ ਦੀ ਮਦਦ ਨਾਲ ਅੱਜ ਕੁਝ ਕਾਰੋਬਾਰੀਆਂ ਨੂੰ ਚੰਗਾ ਖਾਸਾ ਧੰਨ ਲਾਭ ਹੋ ਸਕਦਾ ਹੈ ਇਹ ਪੈਸਾ ਤੁਹਾਡੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਨੂੰ ਦੂਰ ਕਰ ਸਕਦਾ ਹੈ। ਇਹ ਵਧੀਆ ਸਮਾਂ ਹੈ ਜੋ ਤੁਹਾਡੇ ਲਈ ਕਾਮਯਾਬੀ ਅਤੇ ਖੁਸ਼ਹਾਲੀ ਲਿਆਵੇਗੀ ਇਸਦੇ ਲਈ ਆਪਣੀ ਕੋਸ਼ਿਸ਼ ਅਤੇ ਆਪਣੇ ਪਰਿਵਾਰ ਨਾਲ ਮਿਲਣ ਵਾਲੇ ਸ਼ੁਕਰਦੁਜ਼ਾਰ ਹੋਣਾ ਚਾਹੀਦਾ ਹੈ। ਅੱਜ ਤੁਸੀ ਹਰ ਤਰਫ ਪਿਆਰ ਹੀ ਪਿਆਰ ਫੈਲੈਉਗੇ। ਦਫਤਰ ਵਿਚ ਕੰਮ ਤੇਜ਼ ਹੋਵੇਗਾ ਕਿਉ ਕਿ ਸਹਿਯੋਗੀ ਅਤੇ ਬਜ਼ੁਰਗ ਪੂਰਾ ਸਹਿਯੋਗ ਦਿੰਦੇ ਹਨ। ਤੁਹਾਨੂੰ ਅਜਿਹੇ ਲੋਕਾਂ ਦੀ ਸੰਗਤ ਨੂੰ ਛੱਡ ਦੇਣਾ ਚਾਹੀਦਾ ਹੈ ਜੋ ਤੁਸੀ ਸੋਚਦੇ ਹੋ ਕਿ ਤੁਹਾਡੇ ਲਈ ਸਹੀ ਨਹੀ ਹੈ ਅਤੇ ਤੁਹਾਡਾ ਸਮਾਂ ਖਰਾਬ ਵੀ ਕਰਦਾ ਹੈ। ਕੀ ਤੁਹਾਨੂੰ ਲਗਦਾ ਹੈ ਕਿ ਵਿਆਹ ਸਿਰਫ ਸਮਝੋਤੇ ਦਾ ਨਾਮ ਹੈ ਜੇਕਰ ਹਾਂ ਤਾਂ ਤੁਸੀ ਅੱਜ ਜਾਣੋਗੇ ਕਿ ਇਹ ਤੁਹਾਡੇ ਜੀਵਨ ਦੀ ਸਭ ਤੋ ਚੰਗੀ ਘਟਨਾ ਸੀ।

**ਧਨੂੰ:** ਤੁਹਾਡਾ ਤਲਖ ਵਿਵਹਾਰ ਜੀਵਨਸਾਥੀ ਦੇ ਸਾਥ ਤੁਹਾਡੇ ਸਬੰਧਾਂ ਵਿਚ ਤਨਾਵ ਪੈਦਾ ਕਰ ਸਕਦਾ ਹੈ ਕੋਈ ਵੀ ਅਜਿਹਾ ਕੰਮ ਕਰਨ ਤੋ ਪਹਿਲਾਂ ਇਸ ਦੇ ਪਰਿਣਾਮਾਂ ਬਾਰੇ ਸੋਚ ਲੋ। ਜੇਕਰ ਸੰਭਵ ਹੋਵੇ ਤਾਂ ਆਪਣਾ ਮੂਡ ਬਦਲਣ ਲਈ ਕਿਤੇ ਹੋਰ ਜਾਵੋ। ਮਾਤਾ ਪਿਤਾ ਦੀ ਮਦਦ ਨਾਲ ਤੁਸੀ ਆਰਥਿਕ ਤੰਗੀ ਤੋ ਬਾਹਰ ਨਿਕਲਣ ਵਿਚ ਕਾਮਯਾਬ ਰਹੋਗੇਂ। ਆਪਣੇ ਰਿਸ਼ਤੇਦਾਰਾਂ ਨਾਲ ਖਰਾਬ ਵਿਵਹਾਰ ਨਾ ਕਰੋ ਤੁਹਾਡੇ ਅਜਿਹਾ ਵਿਵਹਾਰ ਨਾ ਕੇਵਲ ਤੁਹਾਡੇ ਪਰਿਵਾਰ ਨੂੰ ਦੁਖੀ ਕਰ ਸਕਦਾ ਹੈ ਬਲਕਿ ਸੰਬੰਧਾਂ ਵਿਚ ਦੂਰੀ ਵੀ ਪੈਦਾ ਕਰ ਸਕਦਾ ਹੈ। ਵਿਅਕਤੀਗਤ ਸੰਬੰਧ ਸੰਵੇਦਨਸ਼ੀਲ ਅਤੇ ਨਾਜ਼ੁਕ ਰਹਿਣਗੇ। ਅੱਜ ਦੇ ਦਿਨ ਕੰਮ ਕਾਰ ਵਿਚ ਤੁਸੀ ਕੁਝ ਵਧੀਆ ਕਰ ਸਕਦੇ ਹੋ। ਪੈਸੇ, ਪਿਆਰ, ਪਰਿਵਾਰ ਤੋ ਦੂਰ ਹੋ ਕੇ ਅੱਜ ਤੁਸੀ ਆਨੰਦ ਦੀ ਤਲਾਸ਼ ਵਿਚ ਕਿਸੇ ਆਧਿਆਤਮਕ ਗੁਰੂ ਨੂੰ ਮਿਲਣ ਲਈ ਜਾ ਸਕਦੇ ਹੋ। ਇਕ ਕਰੀਬੀ ਦੋਸਤ ਜਾਂ ਗੁਆਂਢੀ ਦੀ ਵਜਾਹ ਨਾਲ ਅੱਜ ਵਿਆਹੁਤ ਜੀਵਨ ਤਕਰਾਰ ਸੰਭਵ ਹੈ।

**ਮਕਰ :** ਪਰੇਸ਼ਾਨੀਆਂ ਦੇ ਬਾਰੇ ਸੋਚਦੇ ਰਹਿਣਾ ਅਤੇ ਤਿਲ ਦੀ ਤਾੜ ਕਰਨ ਦੀ ਆਦਤ ਤੁਹਾਡੇ ਨੈਤਿਕ ਤਾਣੇ ਬਾਣੇ ਨੂੰ ਕਮਜ਼ੋਰ ਕਰ ਸਕਦੀ ਹੈ। ਜੇਕਰ ਵਿਆਹੇਵਰੇ ਹੋ ਤਾਂ ਅੱਜ ਆਪਣੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖੋ ਕਿਉ ਕਿ ਜੇਕਰ ਤੁਸੀ ਅਜਿਹਾ ਨਹੀ ਕਰਦੇ ਤਾਂ ਉਨਾਂ ਦੀ ਸਿਹਤ ਖਰਾਬ ਹੋ ਸਕਦੀ ਹੈ ਅਤੇ ਤੁਹਾਨੂੰ ਉਨਾਂ ਦੀ ਸਿਹਤ ਤੇ ਕਾਫੀ ਖਰਚਾ ਕਰਨਾ ਪੈ ਸਕਦਾ ਹੈ । ਜੇਕਰ ਤੁਸੀ ਆਪਣੀ ਘਰੇਲੂ ਜ਼ਿੰਮੇਵਾਰੀਆਂ ਨੂੰ ਅਣਦੇਖਾ ਕਰੋਗੇ ਤਾਂ ਕੁਝ ਅਜਿਹੇ ਲੋਕ ਨਾਰਾਜ਼ ਹੋ ਸਕਦੇ ਹਨ ਜੋ ਤੁਹਾਡੇ ਨਾਲ ਰਹਿੰਦੇ ਹਨ। ਅੱਜ ਆਪਣੇ ਪ੍ਰੇਮੀ ਨਾਲ ਤਲਖ ਭਰੀਆਂ ਗੱਲਾਂ ਨਾ ਕਰੋ। ਲਾਭਦਾਇਕ ਦਿਨ ਹੈ ਇਸ ਲਈ ਕੋਸ਼ਿਸ਼ ਕਰੋ ਅਤੇ ਅੱਗੇ ਵਧੋ ਚੰਗੇ ਮੋਕੇ ਤੁਹਾਡੀ ਇੰਤਜ਼ਾਰ ਕਰ ਰਹੇ ਹਨ। ਅੱਜ ਖਾਲੀ ਸਮੇਂ ਵਿਚ ਤੁਸੀ ਮੋਬਾਇਲ ਤੇ ਕੋਈ ਵੈਬ ਸੀਰੀਜ਼ ਦੇਖ ਸਕਦੇ ਹੋ। ਤੁਹਾਡੇ ਜੀਵਨਸਾਥੀ ਦੀ ਨੁਕਤਾਚੀਨੀ ਤੋ ਤੁਸੀ ਪਰੇਸ਼ਾਨ ਹੋ ਸਕਦੇ ਹੋ ਪਰ ਤੁਹਾਡੇ ਲਈ ਸੱਚਮੁਚ ਉਹ ਵਧੀਆ ਹੈ।

**ਕੁੰਭ :** ਬਾਹਰ ਦਾ ਅਤੇ ਖੁੱਲਾ ਖਾਣਾ ਖਾਉਦੇ ਸਮੇਂ ਖਾਸ ਤੌਰ ਤੇ ਬਚਾਅ ਧਿਆਨ ਦੇਣ ਦੀ ਲੋੜ ਹੈ ਹਾਲਾ ਕਿ ਬਿਨਾ ਵਜਾਹ ਤਣਾਅ ਨਾ ਲਵੋ ਕਿਉ ਕਿ ਇਹ ਤੁਹਾਨੂੰ ਮਾਨਸਿਕ ਕਸ਼ਟ ਦੇ ਸਕਦਾ ਹੈ। ਕੁਝ ਜ਼ਰੂਰੀ ਯੋਜਨਾਵਾਂ ਚਲਾਈਗਈ ਅਤੇ ਤਾਜ਼ਾ ਆਰਥਿਕ ਲਾਭ ਪਹੁੰਚਾਉਣਗੀਆਂ। ਤੁਸੀ ਦੋਸਤਾਂ ਦੇ ਨਾਲ ਬੇਹਤਰੀਨ ਸਮਾਂ ਬਿਤਾਉਗੇ ਪਰੰਤੂ ਗੱਡੀ ਚਲਾਉਦੇ ਸਮੇਂ ਜ਼ਿਆਦਾ ਸਾਵਧਾਨੀ ਵਰਤੋ। ਰੋਮਾਂਸ ਦਾ ਤੁਹਾਡੇ ਦਿਲ ਤੇ ਕਬਜਾ ਹੈ। ਕਿਸੇ ਵੀ ਤਰਾਂ ਦੀ ਸਾਂਝੀਦਾਰੀ ਕਰਨ ਤੋ ਪਹਿਲਾਂ ਉਸ ਦੇ ਬਾਰੇ ਵਿਚ ਆਪਣੀ ਅੰਦਰੂਨੀ ਭਾਵਨਾ ਦੀ ਬਾਤ ਜਰੂਰ ਸੁਣੋ। ਅੱਜ ਤੁਸੀ ਬਿਨਾਂ ਕਿਸੇ ਵਜਾਹ ਨਾਲ ਕੁਝ ਲੋਕਾਂ ਦੇ ਨਾਲ ਵਾਦ ਵਿਵਾਦ ਕਰ ਸਕਦੇ ਹੋ ਅਜਿਹਾ ਕਰਨਾ ਤੁਹਾਡਾ ਮੂਡ ਖਰਾਬ ਦੇ ਨਾਲ ਸਮਾਂ ਵੀ ਖਰਾਬ ਕਰ ਸਕਦਾ ਹੈ ਜੇਕਰ ਤੁਸੀ ਇਹ ਸਮਝਦੇ ਹੋ ਕਿ ਵਿਆਹ ਸਿਰਫ ਸੈਕਸ ਦੇ ਲਈ ਹੁੰਦਾ ਹੈ ਇਹ ਝੂਠ ਹੈ ਕਿਉ ਕਿ ਅੱਜ ਤੁਹਾਨੂੰ ਸੱਚੇ ਪਿਆਰ ਦਾ ਅਹਿਸਾਸ ਹੋਵੇਗਾ।

**ਮੀਨ:** ਅੱਜ ਸਵਾਰਥੀ ਆਦਮੀ ਤੋ ਬਚਣ ਦੀ ਕੋਸ਼ਿਸ਼ ਕਰੋ ਉਹ ਤੁਹਾਨੂੰ ਤਨਾਵ ਦੇ ਸਕਦਾ ਹੈ। ਤੁਹਾਡੇ ਪਿਤਾ ਦੀ ਕੋਈ ਸਲਾਹ ਅੱਜ ਕੰਮ ਕਾਰ ਵਿਚ ਤੁਹਾਨੂੰ ਧੰਨ ਲਾਭ ਕਰਾ ਸਕਦੀ ਹੈ। ਦੂਸਰਿਆਂ ਨੂੰ ਪ੍ਰਭਾਵਿਤ ਕਰਨ ਲਈ ਤੁਹਾਡੀ ਸ਼ਮਤਾ ਤੁਹਨੂੰ ਕਈ ਸਾਕਾਰਾਤਮਕ ਚੀਜਾ ਦਵਾਉਗੀ। ਤੁਹਾਨੂੰ ਆਪਣੇ ਪਾਰਟਨਰ ਦਾ ਨਵਾਂ ਅਲੱਗ ਹੀ ਅੰਦਾਜ਼ ਦੇਖਣ ਨੂੰ ਮਿਲੇਗਾ। ਮੁਸ਼ਕਿਲ ਮਾਮਲਿਆਂ ਦੇ ਚਾਰੋ ਤਰਫ ਤੋ ਬਚਣ ਦੇ ਲਈ ਤੁਹਾਨੂੰ ਆਪਣੇ ਸੰਪਰਕ ਉਪਯੋਗ ਕਰਨ ਦੀ ਲੋੜ ਹੈ। ਅੱਜ ਵਿਦਿਆਰਥੀਆਂ ਨੂੰ ਆਪਣਾ ਕੰਮ ਕੱਲ੍ਹ ਤੱਕ ਮੁਲਤਵੀ ਕਰਨ ਤੋ ਪਰਹੇਜ਼ ਕਰਨਾ ਚਾਹੀਦਾ ਹੈ ਅਤੇ ਆਪਣਾ ਕੰਮ ਖਾਲੀ ਸਮੇਂ ਵਿਚ ਪੂਰਾ ਕਰਨਾ ਚਾਹੀਦਾ ਹੈ ਇਹ ਤੁਹਾਡੇ ਲਈ ਲਾਭਕਾਰੀ ਸਿੱਧ ਹੋ ਸਕਦ ਹੈ। ਇਸ ਗੱਲ ਦੀ ਪ੍ਰਬਲ ਸੰਭਾਵਨਾ ਹੈ ਕਿ ਤੁਹਾਡੇ ਆਸ ਪਾਸ ਦੇ ਲੋਕ ਤੁਹਾਡੇ ਦੋਨਾਂ ਦੇ ਵਿਚਕਾਰ ਮਤਭੇਦ ਪੈਦਾ ਕਰ ਸਕਦੇ ਹਨ ਬਾਹਰੀ ਲੋਕਾ ਦੀਆਂ ਗੱਲਾਂ ਤੇ ਧਿਆਨ ਦੇਣਾ ਠੀਕ ਨਹੀ ਹੈ।

# ਅਧੂਰੇ ਰਹਿ ਗਏ ਸੁਪਨਿਆਂ ਦੀ ਉਡਾਣ...





ਡਾ.ਪ੍ਰਵੀਨ ਬੇਗਮ

ਮੈਂ ਸਕੂਲੋਂ ਘਰ ਆ ਕੇ ਹਾਲੇ ਸੁੱਤੀ ਹੀ ਸੀ ਕਿ ਮੇਰੇ ਫੋਨ ਦੀ ਘੰਟੀ ਵੱਜੀ। ਫੋਨ ਦੂਸਰੇ ਕਮਰੇ ਵਿੱਚ ਪਿਆ ਹੋਣ ਕਾਰਣ ਮੈਂ ਚੁੱਕਣ ਵਿੱਚ ਅਸਮਰਥ ਰਹੀ, ਕਿਉਂ ਜੋ ਮੈਨੂੰ ਨੀਂਦ ਨੇ ਘੇਰਿਆ ਹੋਇਆ ਸੀ। ਫੋਨ ਮੇਰੀ ਧੀ ਨੇ ਚੁੱਕਿਆ ਤਾਂ ਅੱਗੋਂ ਆਵਾਜ਼ ਆਈ, "ਪੁੱਤ ਮੰਮੀ ਨਾਲ ਗੱਲ ਕਰਾ ਦੇ।"

"ਉਹ ਤਾਂ ਜੀ ਸੁੱਤੇ ਪਏ ਨੇ, ਜਦੋਂ ਉੱਠ ਗਏ ਗੱਲ ਕਰਵਾ ਦੇਵਾਂਗੀ।" ਇਹ ਕਹਿ ਕੇ ਬੇਟੀ ਨੇ ਫੋਨ ਰੱਖ ਦਿੱਤਾ।

ਮੈਂ ਸ਼ਾਮ ਨੂੰ ਉੱਠੀ ਤਾਂ ਬੇਟੀ ਨੇ ਦੱਸਿਆ ਕਿ ਨਾਜ਼ ਮਾਸੀ ਦਾ ਫੋਨ ਆਇਆ ਸੀ। ਮੈਂ ਘੜੀ ਵੱਲ ਨਜ਼ਰ ਮਾਰੀ ਤਾਂ ਸਾਢੇ ਕੁ ਛੇ ਦਾ ਸਮਾਂ ਸੀ। ਮੈਂ ਸੋਚਿਆ ਰੋਜ਼ੇ ਚੱਲ ਰਹੇ ਨੇ, ਉਹਨਾਂ ਦਾ ਇਫ਼ਤਾਰੀ ਸਮਾਂ ਹੋਵੇਗਾ ਤੇ ਫਿਰ ਮਗਰਿਬ ਦੀ ਨਮਾਜ਼ ਦਾ ਵੀ। ਇਹ ਸੋਚ ਕੇ ਮੈਂ ਕੁਝ ਲਿਖਣ ਲਈ ਆਪਣੇ ਕਮਰੇ ਵਿੱਚ ਚਲੀ ਗਈ। ਕਮਰੇ ਵਿੱਚ ਖਿਲਾਰਾ ਪਿਆ ਹੋਇਆ ਸੀ। ਸ਼ਾਇਦ ਮੇਰੀ ਧੀ ਨੇ ਅਲਮਾਰੀ ਵਿੱਚੋਂ ਕੱਢ ਕੇ ਕੁਝ ਪੁਰਾਣੀਆਂ ਫੋਟੋਆਂ ਦੇਖੀਆਂ ਸਨ। ਮੈਨੂੰ ਮੇਰੀ ਅਤੇ ਨਾਜ਼ ਦੀ ਇੱਕ ਪੁਰਾਣੀ ਈਦ ਮੌਕੇ ਦੀ ਫੋਟੋ ਦਿਸੀ। ਨਾਜ਼ ਮੇਰੇ ਪਿੰਡੋਂ ਹੀ ਗੁਆਂਢੀਆਂ ਦੀ ਕੁੜੀ ਸੀ। ਭਾਵੇਂ ਰਿਸ਼ਤਾ ਸਾਡਾ ਕੋਈ ਨਹੀਂ ਸੀ, ਅਸੀਂ ਸਹੇਲੀਆਂ ਸੀ ਪਰ ਭੈਣਾਂ ਨਾਲੋਂ ਵੱਧ ਕੇ। ਸਾਡਾ ਖਾਣ-ਪੀਣ, ਕੱਪੜਾ ਲੀੜਾ, ਰੀਝਾਂ, ਬਚਪਨ ਤੇ ਜਵਾਨੀ ਦੇ ਹਾਸੇ ਤੇ ਵਲਵਲੇ ਸਾਂਝੇ ਸਨ। ਬਾਰ੍ਹਵੀ ਜਮਾਤ ਤੋ ਬਾਦ ਮੈਂ ਕਾਲਜ ਤੇ ਫਿਰ ਉਚੇਰੀ ਸਿੱਖਿਆ ਲਈ ਪਟਿਆਲੇ ਆ ਗਈ। ਪਰ ਨਾਜ਼ ਬਾਰ੍ਹਵੀਂ ਜਮਾਤ ਤੋਂ ਬਾਅਦ ਪੜ੍ਹ ਹੀ ਨਾ ਸਕੀ। ਉਸਦੇ ਪਿਤਾ ਜੀ ਕੁੜੀਆਂ ਨੂੰ ਪੜ੍ਹਾਉਣ ਦੇ ਬਿਲਕੁਲ ਵੀ ਹੱਕ ਵਿੱਚ ਨਹੀਂ ਸਨ, ਅਖੇ ਅਸੀਂ ਕਿਹੜਾ ਨੌਕਰੀ ਕਰਵਾਉਣੀ ਏ, ਵਿਆਹ ਹੀ ਕਰਨਾ ਅਗਲੇ ਸਾਲ ਤਕ।

ਮੈਨੂੰ ਯਾਦ ਹੈ ਕਿ ਮੈਂ ਨਾਜ਼ ਦਾ ਪ੍ਰਾਈਵੇਟ ਬੀ.ਏ. ਦਾ ਫਾਰਮ ਭਰ ਕੇ ਉਸ ਨੂੰ ਪੜ੍ਹਨ ਲਈ ਕਿਤਾਬਾਂ ਵੀ ਲਿਆ ਕੇ ਦਿੱਤੀਆਂ ਸਨ ਪਰ ਉਹ ਘਰ ਦੇ ਕੰਮਾਂ-ਕਾਰਾਂ ਦੇ ਬੋਝ ਥੱਲੇ ਦਬ ਕੇ ਪੜ੍ਹਨ ਨੂੰ ਸਮਾਂ ਹੀ ਨਾ ਦੇ ਪਾਉਂਦੀ। ਕਿਵੇਂ ਨਾ ਕਿਵੇਂ ਮੈਂ ਦੇਰ ਸਵੇਰ ਸਮਾਂ ਕੱਢ ਕੇ ਉਸ ਨੂੰ ਪੜ੍ਹਾਉਣ ਦੀ ਕੋਸ਼ਿਸ਼ ਕਰਦੀ। ਉਹ ਪੜ੍ਹਾਈ ਵਿੱਚ ਬਹੁਤ ਹੀ ਹੁਸ਼ਿਆਰ ਸੀ ਤੇ ਅੱਗੇ ਤਕ ਜਾਣਾ ਚਾਹੁੰਦੀ ਸੀ। ਪਰ ਉਸ ਤੋ ਛੋਟੇ ਉਸਦੇ ਦੋ ਭਰਾ, ਪੜ੍ਹਨ ਪਿੱਛੇ ਉਸ ਨੂੰ ਕੌੜੇ-ਕੁਸੈਲੇ ਬੋਲ ਬੋਲਦੇ। ਉਹ ਦਬ ਕੇ ਰਹਿ ਜਾਂਦੀ। ਸਾਰਾ ਦਿਨ ਉਹ ਡੰਗਰਾਂ ਵਿੱਚ ਡੰਗਰ ਹੋਈ ਵਾਹੋ ਦਾਹ ਭੱਜ-ਭੱਜ ਕੰਮ ਕਰਦੀ। ਤੇ ਇੱਕ ਦਿਨ ਆਥਣ ਵੇਲੇ ਉਸਦੇ ਪਿਤਾ ਨੇ ਉਸਦੀਆਂ ਕਿਤਾਬਾਂ ਚੁੱਲ੍ਹੇ ਵਿੱਚ ਵਗਾਹ ਮਾਰੀਆਂ, ਅਖੇ ਲੱਗੀ ਏ ਨਵੇਂ ਕੰਮ ਕਰਨ - ਸਾਡੇ ਨਹੀਂ ਰਿਵਾਜ਼ ਇਸ ਕੰਜਰਖਾਨੇ ਦਾ। ਤੇ ਨਾਲ ਹੀ ਉਸਨੇ ਮੈਨੂੰ ਵੀ ਖਰੀਆਂ-ਖੋਟੀਆਂ ਸੁਣਾਈਆਂ ਸਨ। ਮੈਂ ਚੁੱਪ ਕਰ ਗਈ ਤੇ ਮੇਰੇ ਘਰਦਿਆਂ ਨੇ ਮੇਰਾ ਨਾਜ਼ ਨਾਲ ਬੋਲਣਾ-ਚੱਲਣਾ ਬੰਦ ਕਰ ਦਿੱਤਾ। ਸੱਚੀ ਮੈਨੂੰ ਬਹੁਤ ਤਰਸ ਆਉਂਦਾ ਨਾਜ਼ ਉੱਤੇ। ਮੈਂ ਕਈ ਵਾਰ ਸੋਚਦੀ ਕਿ ਕੀ ਜ਼ਿੰਦਗੀ ਹੈ ਕੁੜੀਆਂ ਦੀ, ਚਾਹ ਕੇ ਵੀ ਅਸੀਂ ਆਪਣੇ ਮਨ ਦੀ ਨਹੀਂ ਕਰ ਸਕਦੀਆਂ।

ਨਾਜ਼ ਦੇ ਫੋਨ ਦੀ ਦੁਬਾਰਾ ਵੱਜੀ ਘੰਟੀ ਨੇ ਮੈਨੂੰ ਸੋਚਾਂ ਵਿੱਚੋਂ ਕੱਢਿਆ ਤੇ ਮੈਂ ਹੁੰਗਾਰਾ ਭਰਿਆ।

ਨਾਜ਼ ਬੋਲੀ, "ਤੂੰ ਤਾਂ ਜਮਾਂ ਈ ਫੋਨ ਨੀ ਕਰਦੀ, ... ਭੁੱਲ ਹੀ ਗਈ।"

ਮੈਂ ਆਪਣੇ ਰੁਝੇਵੇਂ ਦੱਸਦਿਆਂ ਮਾਫ਼ੀ ਦੀ ਤਵੱਜੋ ਰੱਖੀ। ਉਸ ਹੱਸਦਿਆਂ ਆਖਿਆ, 'ਕੋਈ ਨਹੀਂ, ਮੈਨੂੰ ਪਤਾ ਸਾਰਾ। ਅੱਛਾ, ਦੱਸ, ਤਸਲੀਮ ਨੂੰ ਦਸਵੀ ਤੋ ਬਾਦ ਕੀ ਕਰਾਵਾਂ? ਵੈਸੇ ਉਹ ਨਾਨ-ਮੈਡੀਕਲ ਲੈ ਕੇ ਅੱਗੇ ਪੜ੍ਹਨਾ ਚਾਹੁੰਦੀ ਏ।"

ਮੈਂ ਪੁੱਛਿਆ, "ਤੇਰੇ ਖਾਵੰਦ ਰਾਜ਼ੀ ਨੇ ਇਸ ਵਾਸਤੇ?"

ਉਸ ਹੱਸਦਿਆਂ ਆਖਿਆ, "ਬਿਲਕੁਲ। ਵੈਸੇ ਕੋਈ ਰਾਜ਼ੀ ਹੋਵੇ ਜਾਂ ਨਾ, ਮੈਂ ਆਪਣੀਆਂ ਧੀਆਂ ਰੁਲਣ ਨਹੀਂ ਦੇਣੀਆਂ। ਉਹਨਾਂ ਦੇ ਸੁਪਨੇ ਮਰਨ ਨਹੀਂ ਦੇਣੇ। ਉਹਨਾਂ ਨੂੰ ਮੈਂ ਸਾਰੀ ਉਮਰ ਰਿਸਦੇ ਰਹਿਣ ਵਾਲੇ ਜ਼ਖ਼ਮ ਨਹੀਂ ਦੇਣੇ। ਉਹਨਾਂ ਦੀਆਂ ਉਡਾਰੀਆਂ ਵਾਸਤੇ ਉਹਨਾਂ ਦੇ ਖੰਭਾਂ ਵਿੱਚ ਜਾਨ ਮੈਂ ਭਰਾਂਗੀ। ਜੇਕਰ ਮੈਂ ਨਹੀ ਪੜ੍ਹ ਸਕੀ ਤਾਂ ਕੀ ਹੋਇਆ, ਪਰ ਮੈਂ ਆਪਣੀਆਂ ਧੀਆਂ ਨੂੰ ਪੜ੍ਹਾਉਣਾ, ਉੱਥੋ ਤਕ ਜਿੱਥੋ ਤਕ ਉਹਨਾਂ ਦਾ ਮਨ ਕਰੇ। ਉਹ ਜੋ ਕਰਨਾ ਚਾਹੁਣ, ਕਰ ਸਕਦੀਆਂ ਨੇ। ... ਨੌਕਰੀ ਵੀ।" ਸੁਣਦੇ ਸਾਰ ਮੇਰੇ ਹੰਝੂ ਰੋਕਿਆਂ ਨਾ ਰੁਕੇ ਕਿ ਨਾਜ਼ ਆਪਣੀਆਂ ਧੀਆਂ ਰਾਹੀਂ ਆਪਣੀ ਅਧਵਾਟੇ ਰਹਿ ਗਈ ਜ਼ਿੰਦਗੀ ਨੂੰ ਪੂਰਾ ਕਰੇਗੀ। ਉਹ ਉਡਾਣ ਦੇਵੇਗੀ ਆਪਣੇ ਉਹਨਾਂ ਸੁਫ਼ਨਿਆਂ ਨੂੰ ਜਿਨ੍ਹਾਂ ਨੂੰ ਕਿਸੇ ਵਕਤ ਅੱਗ ਦੇ ਸੇਕ, ਆਪਣਿਆਂ ਦੇ ਹੀ ਗੁਸੈਲੇ ਬੋਲਾਂ ਤੇ ਕੰਮ ਦੇ ਬੋਝ ਨੇ ਪੂਰਾ ਨਹੀਂ ਸੀ ਹੋਣ ਦਿੱਤਾ।

# ਪੰਜਾਬ 'ਚ ਸਾਵਣ ਮਹੀਨੇ ਤੋਂ ਪਹਿਲਾਂ ਦਲ ਬਦਲੀਆਂ ਦੀ ਬਰਸਾਤ





ਉਜਾਗਰ ਸਿੰਘ

ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਸਿਆਸਤ ਵਿੱਚ, ਖਾਸ ਤੌਰ 'ਤੇ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾਵਾਂ ਵਿੱਚ ਆਈ ਗਿਰਾਵਟ ਦੀ ਇਸ ਤੋ ਵੱਡੀ ਉਦਾਹਰਣ ਹੋਰ ਕੋਈ ਨਹੀਂ ਹੋ ਸਕਦੀ, ਜਦੋਂ ਲੋਕ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਪਣੀਆਂ ਹਾਰਾਂ ਦੀ ਮੂੰਹ ਬੋਲਦੀ ਤਸਵੀਰ ਵੇਖਣ ਤੋਂ ਬਾਅਦ, ਵਿਚਾਰਧਾਰਾ ਦੀ ਨੀਤੀ ਨੂੰ ਤਿਲਾਂਜਲੀ ਦੇ ਕੇ ਸਿਆਸਤਦਾਨਾਂ ਵੱਲੋਂ ਦਲ ਬਦਲੀਆਂ ਕੀਤੀਆਂ ਜਾ ਰਹੀਆਂ ਹਨ। ਐਨ.ਡੀ.ਏ. ਅਤੇ ਇੰਡੀਆ, ਦੋਵੇਂ ਡਰੇ ਹੋਏ ਹਨ। ਦੋਹਾਂ ਧਿਰਾਂ ਦੀ ਸਿਰ ਧੜ ਦੀ ਬਾਜ਼ੀ ਲੱਗੀ ਹੋਈ ਹੈ। ਐਨ.ਡੀ.ਏ. ਨੇ ਹਰ ਹਾਲਤ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਦੀ ਰਣਨੀਤੀ ਬਣਾਈ ਹੋਈ ਹੈ। ਇੰਡੀਆ ਗਠਜੋੜ ਮਹਿਸੂਸ ਕਰਦਾ ਹੈ ਕਿ ਜੇਕਰ ਇਸ ਵਾਰ ਭਾਰਤੀ ਜਨਤਾ ਪਾਰਟੀ ਜਿੱਤ ਗਈ ਤਾਂ ਮੁੜਕੇ ਭਾਰਤੀ ਜਨਤਾ ਪਾਰਟੀ ਨੇ ਸੰਵਿਧਾਨ ਵਿੱਚ ਤਬਦੀਲੀ ਕਰਕੇ ਰੂਸ ਦੇ ਰਾਸ਼ਟਰਪਤੀ ਪੁਤਿਨ ਦੀ ਤਰ੍ਹਾਂ ਚੋਣਾਂ ਹੋਣ ਹੀ ਨਹੀਂ ਦੇਣੀਆਂ, ਸਿਰਫ ਨਾਂ ਦਾ ਹੀ ਪਰਜਾਤੰਤਰ ਰਹਿ ਜਾਵੇਗਾ। ਹਾਲਾਂਕਿ ਇਹ ਸਭ ਕਿਆਸ ਅਰਾਈਆਂ ਹਨ ਪ੍ਰੰਤੂ ਇਹ ਕਿਆਸ ਅਰਾਈਆਂ ਹੀ ਦੋਹਾਂ ਧੜਿਆਂ ਦੀ ਧੜਕਣ ਵਧਾ ਰਹੀਆਂ ਹਨ, ਜਿਸ ਕਰਕੇ ਦਲ ਬਦਲੀਆਂ ਦਾ ਦੌਰ ਚੱਲ ਰਿਹਾ ਹੈ।

ਪੰਜਾਬ ਵਿੱਚ ਭਾਵੇਂ ਇਹ ਵੋਟਾਂ ਭਾਰਤ ਦੇ ਬਾਕੀ ਸੂਬਿਆਂ ਤੋਂ ਬਾਅਦ ਵਿੱਚ 1 ਜੂਨ 2024 ਨੂੰ ਪੈਣੀਆਂ ਹਨ ਪ੍ਰੰਤੂ ਪੰਜਾਬ ਵਿੱਚ ਸਾਉਣ ਦਾ ਮਹੀਨਾ ਆਉਣ ਤੋ 4 ਮਹੀਨੇ ਪਹਿਲਾਂ ਹੀ ਦਲ ਬਦਲੀਆਂ ਦੀ ਬਰਸਾਤ ਸ਼ੁਰੂ ਹੋ ਗਈ ਹੈ। ਜੇਕਰ ਇਹ ਕਹਿ ਲਈਏ ਕਿ ਦਲ ਬਦਲੀਆਂ ਦੀ ਬੇਮੌਸਮੀ ਝੜੀ ਹੀ ਲੱਗ ਗਈ ਹੈ ਤਾਂ ਵੀ ਕੋਈ ਅਤਕਥਨੀ ਨਹੀਂ ਹੋਵੇਗੀ। ਅਜੇ ਵੀ ਸਿਆਸੀ ਦਲ ਬਦਲੀਆਂ ਦੇ ਬੱਦਲ ਗਰਜ ਰਹੇ ਹਨ ਤੇ ਕਾਲੀਆਂ ਘਟਾਵਾਂ ਸਿਆਸੀ ਅਸਮਾਨ ਵਿੱਚ ਚੜ੍ਹੀਆਂ ਹੋਈਆਂ ਲੁਕਣਮੀਟੀ ਖੇਡ ਰਹੀਆਂ ਹਨ। ਇਹ ਕਿਸੇ ਵੀ ਮੌਕੇ ਵਰਸ ਸਕਦੀਆਂ ਹਨ। ਇਹ ਵੀ ਦੋਸ਼ ਲੱਗ ਰਹੇ ਹਨ ਕਿ ਸਿਆਸਤਦਾਨਾਂ ਦੀਆਂ ਮੰਡੀਆਂ ਲੱਗੀਆਂ ਹੋਈਆਂ ਹਨ, ਵਧੇਰੇ ਬੋਲੀਆਂ ਦੇਣ ਵਾਲੇ ਖਰੀਦ ਰਹੇ ਹਨ। ਹਾਲਾਂਕਿ 2019 ਦੀਆਂ ਲੋਕ ਸਭਾ ਚੋਣਾਂ ਸਮੇਂ ਲਗਭਗ 80 ਨੇਤਾਵਾਂ ਨੇ ਦਲ ਬਦਲ ਕੇ ਚੋਣਾਂ ਲੜੀਆਂ ਸਨ, ਜਿਨ੍ਹਾਂ ਵਿੱਚੋਂ ਸਿਰਫ ਅੱਧੇ ਹੀ ਚੋਣ ਜਿੱਤ ਸਕੇ ਸਨ। ਪੰਜਾਬ ਵਿੱਚ ਸਿਆਸੀ ਭੰਬਲਭੂਸਾ ਪਿਆ ਹੋਇਆ ਹੈ। ਸਿਆਸਤਦਾਨਾਂ ਵਿੱਚ ਖਲਬਲੀ ਮਚੀ ਪਈ ਹੈ। ਦਲ ਬਦਲੀਆਂ ਵੀ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ ਅਤੇ ਰਾਜ ਚਲਾ ਰਹੀ ਆਮ ਆਦਮੀ ਪਾਰਟੀ ਦੇ ਵੱਡੇ ਨੇਤਾ ਕਰ ਰਹੇ ਹਨ। ਸਭ ਤੋ ਵੱਧ ਖ਼ੋਰਾ ਕਾਂਗਰਸ ਪਾਰਟੀ ਨੂੰ ਲੱਗ ਰਿਹਾ ਹੈ। ਦੂਜੇ ਨੰਬਰ 'ਤੇ ਆਮ ਆਦਮੀ ਪਾਰਟੀ ਆਉਂਦੀ ਹੈ, ਜਿਸਦੇ ਨੇਤਾ ਧੜਾਧੜ ਪਾਰਟੀ ਨੂੰ ਅਲਵਿਦਾ ਕਹਿ ਰਹੇ ਹਨ। ਹਾਲਾਂਕਿ ਰਾਜ ਕਰ ਰਹੀ ਪਾਰਟੀ ਵਿੱਚੋਂ ਆਮ ਤੌਰ 'ਤੇ ਦਲ ਬਦਲੀ ਨਹੀਂ ਹੋਣੀ ਚਾਹੀਦੀ, ਜਦੋਂ ਕਿ ਵਿਧਾਨ ਸਭਾ ਵਿੱਚ ਉਨ੍ਹਾਂ ਕੋਲ ਵੱਡਾ ਬਹੁਮਤ ਹੈ।

ਪਟਿਆਲਾ ਤੋਂ ਕਾਂਗਰਸ ਪਾਰਟੀ ਦੀ ਲੋਕ ਸਭਾ ਮੈਂਬਰ ਮਹਾਰਾਣੀ ਪਰਨੀਤ ਕੌਰ, ਸਾਬਕਾ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਕੇ ਦਲ ਬਦਲੀਆਂ ਦਾ ਮਹੂਰਤ ਕੀਤਾ ਸੀ। ਪਰਨੀਤ ਕੌਰ 4 ਵਾਰ ਪਟਿਆਲਾ ਸੰਸਦੀ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਅਤੇ 2009 ਤੋਂ 2014 ਤਕ ਡਾ. ਮਨਮੋਹਨ ਸਿੰਘ ਦੀ ਸਰਕਾਰ ਵਿੱਚ ਕੇਂਦਰੀ ਵਿਦੇਸ਼ ਰਾਜ ਮੰਤਰੀ ਰਹੇ ਹਨ। ਉਨ੍ਹਾਂ ਤੋਂ ਬਾਅਦ ਪੰਜਾਬ ਪ੍ਰਦੇਸ਼ ਕਾਂਗਰਸ ਦੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਡਿਪਟੀ ਨੇਤਾ ਡਾ. ਰਾਜ ਕੁਮਾਰ ਚੱਬੇਵਾਲ ਨੇ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜ ਲਿਆ ਹੈ। ਉਹ 2022 ਵਿੱਚ ਚੱਬੇਵਾਲ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ ਅਤੇ ਇਸ ਸਮੇਂ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਡਿਪਟੀ ਲੀਡਰ ਸਨ। ਉਸ ਤੋਂ ਬਾਅਦ ਬਸੀ ਪਠਾਣਾ ਤੋਂ ਕਾਂਗਰਸ ਪਾਰਟੀ ਦੇ 2017 ਵਿੱਚ ਚੁਣੇ ਗਏ ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ.ਨੇ ਵੀ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਚਲੇ ਗਏ ਹਨ। ਗੁਰਪ੍ਰੀਤ ਸਿੰਘ ਜੀ.ਪੀ. ਨੂੰ ਫਤਿਹਗੜ੍ਹ ਸਾਹਿਬ ਰਾਖਵੀ ਸੀਟ ਤੋਂ ਆਮ ਆਦਮੀ ਪਾਰਟੀ ਨੇ ਉਮੀਦਵਾਰ ਬਣਾਇਆ ਹੈ। ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਤਿੰਨ ਵਾਰ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਰਵਨੀਤ ਸਿੰਘ ਬਿੱਟੂ ਮਰਹੂਮ ਮੁੱਖ ਮੰਤਰੀ ਸ੍ਰ.ਬੇਅੰਤ ਸਿੰਘ ਦਾ ਪੋਤਰਾ ਹੈ। ਬਿੱਟੂ ਲੋਕ ਸਭਾ ਵਿੱਚ ਕਾਂਗਰਸ ਪਾਰਟੀ ਦੇ ਚੀਫ ਅਤੇ ਵਿਰੋਧੀ ਧਿਰ ਦਾ ਨੇਤਾ ਵੀ ਰਿਹਾ ਹੈ। ਉਹ ਰਾਹੁਲ ਗਾਂਧੀ ਦਾ ਚਹੇਤਾ ਗਿਣਿਆ ਜਾਂਦਾ ਸੀ। ਸ੍ਰ. ਬੇਅੰਤ ਸਿੰਘ ਪੰਜਾਬ ਦੇ ਮਾੜੇ ਅਫ਼ਰਾ ਤਫ਼ਰੀ ਵਾਲੇ ਦਿਨਾਂ ਵਿੱਚ ਸਾਢੇ 9 ਸਾਲ ਪੰਜਾਬ ਪ੍ਰਦੇਸ਼ ਕਾਂਗਰਸ ਦਾ ਪ੍ਰਧਾਨ ਰਿਹਾ। 19 ਫਰਵਰੀ 1992 ਨੂੰ ਉਨ੍ਹਾਂ ਦੀ ਅਗਵਾਈ ਵਿੱਚ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੇ 92 ਵਿਧਾਨ ਸਭਾ ਦੀਆਂ ਸੀਟਾਂ ਜਿੱਤੀਆਂ ਸਨ। 31 ਜਨਵਰੀ 1995 ਨੂੰ ਉਹ ਮੁੱਖ ਮੰਤਰੀ ਹੁੰਦਿਆਂ ਸਿਵਲ ਸਕੱਤਰੇਤ ਦੇ ਬਾਹਰ ਇੱਕ ਬੰਬ ਬਲਾਸਟ ਵਿੱਚ ਸਵਰਗਵਾਸ ਹੋ ਗਏ ਸਨ। ਰਵਨੀਤ ਸਿੰਘ ਬਿੱਟੂ ਪੰਜਾਬ ਯੂਥ ਕਾਂਗਰਸ ਦਾ ਪਹਿਲਾ ਚੁਣਿਆ ਹੋਇਆ ਪ੍ਰਧਾਨ ਸੀ। ਉਸ ਤੋਂ ਬਾਅਦ ਉਹ ਰੂਪ ਨਗਰ ਦੇ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਤੋ 2009, ਲੁਧਿਆਣਾ ਤੋ 2014 ਅਤੇ 2019 ਵਿੱਚ ਮੈਂਬਰ ਚੁਣੇ ਗਏ ਸਨ।

ਆਮ ਆਦਮੀ ਪਾਰਟੀ ਦੇ ਜਲੰਧਰ ਤੋਂ ਲੋਕ ਸਭਾ ਦੇ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਦੇ ਵਿਧਾਇਕ ਸੀਤਲ ਅੰਗੁਰਾਲ ਵੀ ਅਸਤੀਫ਼ੇ ਦੇ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਸੁਸ਼ੀਲ ਕੁਮਾਰ ਰਿੰਕੂ 2017 ਵਿੱਚ ਜਲੰਧਰ ਪੱਛਮੀ ਤੋਂ ਸੀਤਲ ਅੰਗੁਰਾਲ ਨੂੰ ਹਰਾ ਕੇ ਕਾਂਗਰਸ ਪਾਰਟੀ ਦੇ ਵਿਧਾਇਕ ਚੁਣੇ ਗਏ ਸਨ। ਉਹ ਜਲੰਧਰ ਉਪ ਚੋਣ ਤੋਂ ਕੁਝ ਦਿਨ ਪਹਿਲਾਂ ਕਾਂਗਰਸ ਪਾਰਟੀ ਤੋਂ ਅਸਤੀਫ਼ਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਜਨਵਰੀ 2023 ਵਿੱਚ ਕਾਂਗਰਸ ਦੇ ਲੋਕ ਸਭਾ ਮੈਂਬਰ ਚੌਧਰੀ ਸੰਤੋਖ ਸਿੰਘ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਦੌਰਾਨ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਸਵਰਗਵਾਸ ਹੋ ਗਏ ਸਨ। ਉਸ ਤੋਂ ਬਾਅਦ ਉਹ 13 ਮਈ 2023 ਨੂੰ ਹੋਈ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੇ ਤੌਰ 'ਤੇ ਲੋਕ ਸਭਾ ਲਈ ਚੁਣੇ ਗਏ ਸਨ।

ਭਾਰਤੀ ਜਨਤਾ ਪਾਰਟੀ ਨੇ ਪਰਨੀਤ ਕੌਰ, ਰਵਨੀਤ ਸਿੰਘ ਬਿੱਟੂ, ਸ਼ੁਸ਼ੀਲ ਕੁਮਾਰ ਰਿੰਕੂ ਅਤੇ ਆਮ ਆਦਮੀ ਪਾਰਟੀ ਨੇ ਗੁਰਪ੍ਰੀਤ ਸਿੰਘ ਜੀ.ਪੀ. ਨੂੰ ਟਿਕਟਾਂ ਦੇ ਕੇ ਨਿਵਾਜਿਆ ਹੈ। ਤਰਨਜੀਤ ਸਿੰਘ ਸੰਧੂ ਦੇਸ਼ ਭਗਤ ਤੇਜਾ ਸਿੰਘ ਸਮੁੰਦਰੀ ਦੇ ਪੋਤਰੇ ਤੇ ਬਿਸ਼ਨ ਸਿੰਘ ਸਮੁੰਦਰੀ ਦੇ ਪੁੱਤਰ ਹਨ। ਉਹ ਵਿਦੇਸ਼ ਸੇਵਾ ਵਿੱਚੋ ਸੇਵਾ ਮੁਕਤ ਹੋਣ ਤੋ ਬਾਅਦ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਬੀ.ਜੇ.ਪੀ. ਨੇ ਅੰਮ੍ਰਿਤਸਰ ਤੋ ਟਿਕਟ ਦਿੱਤੀ ਹੈ। ਤੇਜਾ ਸਿੰਘ ਸਮੁੰਦਰੀ ਸਿਰਮੌਰ ਅਕਾਲੀ ਸਨ, ਜਿਨ੍ਹਾਂ ਦੀ ਯਾਦ ਵਿੱਚ ਸ਼ਰੋਮਣੀ ਕਮੇਟੀ ਦੇ ਦਫਤਰ ਵਿੱਚ ਤੇਜਾ ਸਿੰਘ ਸਮੁੰਦਰੀ ਹਾਲ ਬਣਿਆ ਹੋਇਆ ਹੈ।

ਇਨ੍ਹਾਂ ਦਲ ਬਦਲੀਆਂ ਨੂੰ ਵੇਖਕੇ ਇਉ ਮਹਿਸੂਸ ਹੋ ਰਿਹਾ ਹੈ ਭਾਰਤੀ ਜਨਤਾ ਪਾਰਟੀ ਅਤੇ ਆਮ ਆਦਮੀ ਪਾਰਟੀ ਕੋਲ ਲੋਕ ਸਭਾ ਦੀਆਂ ਚੋਣਾਂ ਲੜਨ ਲਈ ਯੋਗ ਉਮੀਦਵਾਰ ਹੀ ਨਹੀਂ ਹਨ, ਜਿਸ ਕਰਕੇ ਉਹ ਦੂਜੀਆਂ ਪਾਰਟੀਆਂ ਵਿੱਚੋ ਦਲ ਬਦਲੀ ਕਰਵਾ ਰਹੇ ਹਨ। ਲੋਕਤੰਤਰ ਵਿੱਚ ਇਹ ਰੁਝਾਨ ਬੜਾ ਖ਼ਤਰਨਾਕ ਸਾਬਤ ਹੋ ਸਕਦਾ ਹੈ। ਪੰਜਾਬ ਦੇ ਲੋਕ ਮਹਿਸੂਸ ਕਰਦੇ ਹਨ ਕਿ ਭਾਰਤੀ ਜਨਤਾ ਪਾਰਟੀ ਸਰਕਾਰੀ ਤੰਤਰ ਈ.ਡੀ. ਅਤੇ ਸੀ.ਬੀ.ਆਈ. ਦੇ ਦਬਾਅ ਨਾਲ ਇਨ੍ਹਾਂ ਨੇਤਾਵਾਂ ਨੂੰ ਆਪਣੀ ਪਾਰਟੀ ਵਿੱਚ ਸ਼ਾਮਲ ਕਰ ਰਹੇ ਹਨ। ਪ੍ਰੰਤੂ ਸੋਚਣ ਵਾਲੀ ਗੱਲ ਹੈ ਕਿ ਜਦੋ ਆਪਣੇ ਸਿੱਕੇ ਹੀ ਖੋਟੇ ਹੋਣ, ਫਿਰ ਦੁਕਾਨਦਾਰ ਨੂੰ ਦੋਸ਼ ਕਿਵੇਂ ਦਿੱਤਾ ਜਾ ਸਕਦਾ ਹੈ। ਸਿਆਸਤਦਾਨ ਇੱਕ ਦੂਜੀ ਪਾਰਟੀ ਦੇ ਨੇਤਾਵਾਂ ਨੂੰ ਭ੍ਰਿਸ਼ਟਾਚਾਰ ਵਿੱਚ ਲਿਪਟੇ ਹੋਏ ਕਹਿੰਦੇ ਹਨ ਪ੍ਰੰਤੂ ਜਦੋ ਉਨ੍ਹਾਂ ਦੀਆਂ ਪਾਰਟੀਆਂ ਵਿੱਚ ਇਹ ਨੇਤਾ ਸ਼ਾਮਲ ਹੁੰਦੇ ਹਨ ਤਾਂ ਉਹ ਇਮਾਨਦਾਰ ਕਿਵੇਂ ਹੋ ਜਾਂਦੇ ਹਨ?

ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚੋ ਵੀ ਦਲ ਬਦਲੀਆਂ ਹੋ ਰਹੀਆਂ ਹਨ। ਸੁਖਦੇਵ ਸਿੰਘ ਢੀਂਡਸਾ ਨੇ ਆਪਣਾ ਸੰਯੁਕਤ ਅਕਾਲੀ ਦਲ, ਸ਼ਰੋਮਣੀ ਅਕਾਲੀ ਦਲ ਵਿੱਚ ਮਿਲਾ ਲਿਆ ਹੈ। ਇਸੇ ਤਰ੍ਹਾਂ ਬੀਬੀ ਜਾਗੀਰ ਕੌਰ ਨੇ ਵੀ ਮੁੜਕੇ ਅਕਾਲੀ ਦਲ ਦਾ ਪੱਲਾ ਫੜ ਲਿਆ ਹੈ। ਲਵ ਕੁਮਾਰ ਗੋਲਡੀ ਅਤੇ ਮਲਕੀਤ ਸਿੰਘ ਬੀਰਮੀ, ਦੋਵੇਂ ਸਾਬਕਾ ਵਿਧਾਨਕਾਰਾਂ ਕਰਮਵਾਰ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਤੋ ਅਸਤੀਫ਼ਾ ਦੇ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਲਵ ਕੁਮਾਰ ਗੋਲਡੀ 2004 ਅਤੇ 2009 ਵਿੱਚ ਗੜ੍ਹਸ਼ੰਕਰ ਹਲਕੇ ਤੋ ਕਾਂਗਰਸ ਪਾਰਟੀ ਦੇ ਵਿਧਾਨਕਾਰ ਰਹੇ ਹਨ। 2022 ਵਿੱਚ ਕੈਪਟਨ ਅਮਰਿੰਦਰ ਸਿੰਘ ਨਾਲ ਕਾਂਗਰਸ ਛੱਡ ਗਏ ਸਨ, ਫਿਰ ਕੈਪਟਨ ਨਾਲ ਹੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ।

ਮਲਕੀਤ ਸਿੰਘ ਬੀਰਮੀ 1992 ਵਿੱਚ ਲੁਧਿਆਣਾ ਦਿਹਾਤੀ ਤੋ ਕਾਂਗਰਸ ਪਾਰਟੀ ਦੇ ਵਿਧਾਇਕ ਚੁਣੇ ਗਏ ਸਨ। ਉਹ ਹਰਚਰਨ ਸਿੰਘ ਬਰਾੜ ਦੇ ਮੰਤਰੀ ਮੰਡਲ ਵਿੱਚ ਮੰਤਰੀ ਰਹੇ ਹਨ। ਉਹ ਕਾਂਗਰਸ ਪਾਰਟੀ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ। ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿੱਚੋ ਵੀ ਛੋਟੇ ਮੋਟੇ ਨੇਤਾ ਖਿਸਕ ਰਹੇ ਹਨ। ਪ੍ਰੇਮ ਸਿੰਘ ਚੰਦੂਮਾਜਰਾ ਦਾ ਭਾਣਜਾ ਹਰਵਿੰਦਰ ਸਿੰਘ ਹਰਪਾਲਪੁਰ ਅਤੇ ਪ੍ਰਿੰਸੀਪਲ ਡਾ. ਤੇਜਾ ਸਿੰਘ ਵੀ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਕੁਝ ਇਸ ਦਲ ਬਦਲੀ ਨੂੰ ਘਰ ਵਾਪਸੀ ਦਾ ਨਾਮ ਦੇ ਰਹੇ ਹਨ।

# BJP ਨੇ ਚੰਡੀਗੜ੍ਹ ਤੋਂ ਸੰਜੇ ਟੰਡਨ ਨੂੰ ਉਤਾਰਿਆ ਚੋਣ ਮੈਦਾਨ 'ਚ, ਕਿਰਨ ਖੇਰ ਦੀ ਕੱਟੀ ਟਿਕਟ



ਭਾਜਪਾ ਨੇ ਲੋਕ ਸਭਾ ਚੋਣਾਂ 2024 ਲਈ ਚੰਡੀਗੜ੍ਹ ਸੀਟ ਤੋਂ ਆਪਣੇ ਉਮੀਦਵਾਰ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਨੇ ਸੰਜੇ ਟੰਡਨ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਜ਼ਿਕਰਯੋਗ ਹੈ ਕਿ ਚੰਡੀਗੜ੍ਹ ਸੀਟ ਤੋਂ ਪਾਰਟੀ ਨੇ ਮੌਜੂਦਾ ਸਾਂਸਦ ਕਿਰਨ ਖੇਰ ਦੀ ਟਿਕਟ ਕੱਟਦੇ ਹੋਏ ਸੰਜੇ ਟੰਡਨ ਨੂੰ ਉਮੀਦਵਾਰ ਬਣਾਇਆ ਹੈ। ਸੰਜੇ ਟੰਡਨ ਲਗਾਤਾਰ ਚੰਡੀਗੜ੍ਹ ਦੀ ਸਿਆਸਤ ਵਿਚ ਸਰਗਰਮ ਰਹਿ ਹਨ। ਦੱਸ ਦੇਈਏ ਕਿ ਸੰਜੇ ਟੰਡਨ ਦੇ ਪਿਤਾ ਬਲਰਾਮਜੀ ਦਾਸ ਟੰਡਨ ਵੀ ਭਾਜਪਾ ਆਗੂ ਸਨ, ਜਿਨ੍ਹਾਂ ਨੇ ਪੰਜਾਬ ਵਿਚ ਮਿਊਂਸੀਪਲ ਕੌਂਸਲਰ ਵਜੋਂ 14 ਸਾਲ ਸੇਵਾਵਾਂਦਿੱਤੀਆਂ ਤੇ 6 ਵਾਰ ਵਿਧਾਨ ਸਭਾ ਹਲਕੇ ਦੀਆਂ ਚੋਣਾਂ ਵਿਚ ਜੇਤੂ ਰਹੇ। ਦੱਸ ਦੇਈਏ ਕਿ ਲੋਕ ਸਭਾ ਚੋਣਾਂ 2024 ਨੂੰ ਲੈ ਕੇ ਭਾਜਪਾ ਨੇ ਆਪਣੀ 10ਵੀਂ ਲਿਸਟ ਜਾਰੀ ਕਰ ਦਿੱਤੀ ਹੈ। ਇਸ ਵਿਚ ਚੰਡੀਗੜ੍ਹ ਤੋਂ ਇਲਾਵਾ ਉੱਤਰ ਪ੍ਰਦੇਸ਼ ਤੋਂ 7 ਉਮੀਦਵਾਰ ਤੇ ਪੱਛਮੀ ਬੰਗਾਲ ਤੋਂ ਇੱਕ ਉਮੀਦਵਾਰ ਦਾ ਐਲਾਨ ਕੀਤਾ ਹੈ।

ਚੰਡੀਗੜ੍ਹ ਤੋਂ ਲੋਕ ਸਭਾ ਉਮੀਦਵਾਰ ਬਣਾਏ ਜਾਣ ਤੋਂ ਬਾਅਦ ਸੰਜੇ ਟੰਡਨ ਨੇ ਕਿਹਾ, 'ਮੈਂ ਕਦੇ ਵੀ ਰਾਜਨੀਤੀ ਵਿਚ ਕੁਝ ਨਹੀਂ ਚਾਹਿਆ। ਮੈਨੂੰ ਜੋ ਵੀ ਮਿਲਿਆ, ਆਪਣੇ ਮਾਤਾ-ਪਿਤਾ ਤੋਂ ਮਿਲਿਆ। ਮੈਂ ਕਦੇ ਨਹੀਂ ਸੋਚਿਆ ਸੀ ਕਿ ਮੈਨੂੰ ਟਿਕਟ ਮਿਲੇਗੀ। ਅੱਜ ਵੀ ਮੈਂ ਆਪਣੇ ਇੱਕ ਚਾਹੁਣ ਵਾਲੇ ਦੇ ਭੋਗ ਵਿਚ ਗਿਆ ਹੋਇਆ ਸੀ। ਉਥੇ ਮੈਨੂੰ ਕੇਂਦਰ ਵੱਲੋਂ ਫੋਨ ਆਇਆ ਅਤੇ ਪਤਾ ਲੱਗਾ ਕਿ ਮੈਨੂੰ ਅੱਜ ਟਿਕਟ ਮਿਲ ਗਈ ਹੈ। ਸੰਜੇ ਨੇ ਕਿਹਾ, 'ਇਸ ਸਮੇਂ ਚੰਡੀਗੜ੍ਹ ਭਾਜਪਾ ਦੇ ਸੂਬਾ ਪ੍ਰਧਾਨ ਵੀ ਮੇਰੇ ਨਾਲ ਸਨ। ਮੈਂ ਉਨ੍ਹਾਂ ਨੂੰ ਪਹਿਲਾਂ ਦੱਸਿਆ। ਮੇਰੇ ਪਿਤਾ ਜੀ ਵੀ ਕਦੇ ਵੀ ਰਾਜਨੀਤੀ ਵਿੱਚ ਕੁਝ ਨਹੀ ਚਾਹੁੰਦੇ ਸਨ ਅਤੇ ਉਨ੍ਹਾਂ ਨੇ ਮੈਨੂੰ ਇਹੀ ਸਿਖਾਇਆ ਸੀ। ਮੈਂ ਕਦੇ ਟਿਕਟ ਨਹੀਂ ਮੰਗੀ ਸੀ, ਪਰ ਕੇਂਦਰ ਵੱਲੋਂ ਜੋ ਜ਼ਿੰਮੇਵਾਰੀ ਦਿੱਤੀ ਗਈ ਹੈ, ਉਸ ਨੂੰ ਮੈਂ ਪੂਰੀ ਤਰ੍ਹਾਂ ਨਿਭਾਵਾਂਗਾ।






ਭਾਗ–20

# ਜੈਲਦਾਰ ਸੂਬਾ ਸਿੰਘ...





ਸੰਦੀਪ ਦਿਉੜਾ
843755666

ਸ੍ਰੀ ਕੀਰਤਪੁਰ ਸਾਹਿਬ ਜੈਲਦਾਰ ਦੇ ਫੁੱਲ ਪਾਉਣ ਜਾਣ ਦਾ ਪ੍ਰੋਗਰਾਮ ਬਣਾ ਲਿਆ ਗਿਆ। ਪਾਲੋ, ਰਮਨ ,ਉਨ੍ਹਾਂ ਦੋਹਾਂ ਦੇ ਸਰਦਾਰ, ਨਸੀਬੋ ਅਤੇ ਅਮਰ ਸਿੰਘ ਨੇ ਜਾਣਾ ਸੀ। ਦੂਜੇ ਪਾਸੇ ਲੋਕ ਮਹਿੰਦਰ ਨੂੰ ਸਮਝਾਉਣ ਲੱਗ ਪਏ,"ਉਏ ਤੇਰਾ ਤੇ ਤੇਰੇ ਮੁੰਡਿਆਂ ਦਾ ਜਾਣਾ ਵੀ ਬਣਦਾ ਹੈ, ਸ੍ਰੀ ਕੀਰਤਪੁਰ ਸਾਹਿਬ, ਨਹੀ ਤਾਂ ਸਾਰੀ ਉਮਰ ਦਾ ਮਹਿਣਾ ਰਹਿ ਜਾਣਾ ਹੈ ਤੇਰੇ ਸਿਰ......... ਜੇ ਹੁਣ ਹੀ ਚੰਗਾ ਬਣਿਆ ਜਾਂਦਾ ਹੈ ਤਾਂ ਬਣ ਜਾ ਕਿਉਂ ਨਿਆਣਿਆਂ ਦਾ ਅੱਗਾ ਮਾਰਦਾ ਪਿਆ। ਕਰੋੜਾਂ ਰੁਪਏ ਤਾਂ ਨਗਦ ਹੀ ਆ ਗਏ ,ਜੇ ਭੈਣਾਂ ਦੇ ਮਨ ਭੋਰਾ ਦਇਆ ਆ ਗਈ ਕੀ ਪਤਾ ਚੋਥਾਂ ਹਿੱਸਾ ਹੀ ਦੇ ਦੇਣ .......।"

"ਨਾਲੇ ਤੇਰਾ ਕੀ ਲੱਗਣਾ ਹੈ ਉਹਨਾਂ ਨਾਲ ਗੱਡੀ ਵਿੱਚ ਬੈਠ ਕੇ ਹੀ ਜਾਣਾ ਹੈ।" ਦੂਜਾ ਬੰਦਾ ਉਸਨੂੰ ਸਮਝਾਉਂਦਾ ਹੈ। ਮਹਿੰਦਰ ਨੂੰ ਵੀ ਗੱਲ ਜੱਚ ਗਈ।

ਸ਼ਾਮ ਨੂੰ ਬੇਬੇ ਇਕੱਲੀ ਬੈਠੀ ਵੇਖ ਕੋਲ ਜਾ ਬੈਠਾ.... "ਬੇਬੇ..... ਬੇਬੇ" (ਥੋੜਾ ਝਿਜਕਦਾ ਬੋਲਿਆ... )

"ਹਾਂ ਮਹਿੰਦਰ ਪੁੱਤ ਦੱਸ।"

"ਉਹ..... ਮੈਂ ਕਹਿੰਦਾ ਸੀ ਕੇ... ।"

"ਦੱਸ ਪੁੱਤ ਚੁੱਪ ਕਿਉ ਕਰ ਗਿਆ... ?"

"ਉਹ ਮੈਂ ਤੇ ਤੇਰੇ ਪੋਤਰੇ ਵੀ ਕੱਲ੍ਹ ਨੂੰ ਨਾਲ ਚੱਲਾਂਗੇ ਸ੍ਰੀ ਕੀਰਤਪੁਰ ਸਾਹਿਬ ਬਾਪੂ ਦੇ ਫੁੱਲ ਪਾਉਣ..... ਸਾਡਾ ਇੰਨਾ ਤਾਂ ਹੱਕ ਬਣਦਾ ਹੀ ਹੈ। ਅਸੀ ਕਿਹੜਾ ਬਾਪੂ ਦੇ ਮਤਰੇਏ ਹਾਂ...... ਆਖਿਰ ਸਾਡਾ ਵੀ ਬਾਪੂ ਸੀ,....।"

" ਲੈ ਪੁੱਤ ਤੂੰ ਹੁਣੇ ਹੀ ਗੱਲ ਕਰ ਪਾਲੋ ਨਾਲ.... ।"

"ਨਹੀ ਬੇਬੇ ਗੱਲ ਤਾਂ ਤੁਹਾਨੂੰ ਹੀ ਕਰਨੀ ਪੈਣੀ ਹੈਂ.. ਜੇ ਗੱਡੀਆਂ ਵਿੱਚ ਥਾਂ ਘੱਟ ਹੈਂ ਤਾਂ ਮੈਂ ਮੋਹਨ ਤੋ ਉਸਦੀ ਗੱਡੀ ਮੰਗ ਲੈਦਾ ਹਾਂ।"

"ਨਹੀਂ, ਪੁੱਤ ਜੇ ਜਗ੍ਹਾ ਘੱਟ ਵੀ ਹੋਈ ਤਾਂ ਆਪਾਂ ਰਾਜ਼ਨ ਨੂੰ ਵੀ ਨਾਲ ਲੈ ਚੱਲਾਂਗੇ। ਪਾਲੋ ਕੁੜੇ ਪਾਲੋ...... ।"

"ਹਾਂ ਬੇਬੇ..... ।"

"ਕੱਲ੍ਹ ਨੂੰ ਆਪਣੇ ਨਾਲ ਮਹਿੰਦਰ ਤੇ ਇਸਦੇ ਦੋਵੇਂ ਮੁੰਡੇ ਵੀ ਜੈਲਦਾਰ ਦੇ ਫੁੱਲ ਪਾਉਣ ਸ੍ਰੀ ਕੀਰਤਪੁਰ ਸਾਹਿਬ ਜਾਣਗੇ।"

" ਉਹ ਤਾਂ ਬੇਬੇ ਕੋਈ ਨਾ ਪਹਿਲਾਂ ਪੁੱਛ ਲਾ ਆਪਣੇ ਮਹਿੰਦਰ ਨੂੰ ਕਿਤੇ ਉੱਥੇ ਜਾ ਕੇ ਪਲਟੀ ਨਾ ਖਾਹ ਜਾਵੇ ਨਾਲੇ ਆਪਣੀ ਕਰਮਜੀਤ ਤੋਂ ਵੀ ਇਜਾਜ਼ਤ ਲੈ ਲਵੇਂ... ਐਵੇਂ ਨਹੀਂ ਤਾਂ ਕੱਲ੍ਹ ਨੂੰ ਉਹ ਆਕੇ ਬੋਲਣ ਲੱਗ ਜਾਵੇ, ਬਈ ਮੇਰੇ ਘਰਵਾਲੇ ਦੇ ਕੰਨ ਭਰਦੀਆਂ ਹਾਂ ਅਸੀ।" "ਆ ਹੁਣ ਤੂੰ ਆਪ ਹੀ ਵੇਖ ਲੈ ਬੇਬੇ ਕਿਵੇਂ ਬੋਲਦੀ ਹੈਂ ਪਾਲੋ ਭੈਣ ਮੈਂ....... ਮੈਂ ਇਸੇ ਕਰਕੇ ਹੀ ਨਹੀਂ ਪੁੱਛਦਾ ਸੀ।"

"ਪਾਲੋ ਪੁੱਤ ਚੱਲ ਕੋਈ ਨਾ ਮਹਿੰਦਰ ਦਾ ਵੀ ਹੱਕ ਬਣਦਾ ਕੋਈ ਨਾ ਮੇਰੀ ਰਾਣੀ ਧੀ.... ।"

"ਇਹ ਹੱਕ ਸਸਕਾਰ ਵਾਲੇ ਦਿਨ ਕਿੱਥੇ ਸੀ ਬੇਬੇ. ....ਤੂੰ ਬਹੁਤ ਭੋਲੀ ਹੈਂ।"ਪਾਲੋ ਨੇ ਗੁੱਸੇ ਵਿੱਚ ਬੇਬੇ ਨੂੰ ਆਖਿਆ। "ਚੱਲ ਪਈ ਮਹਿੰਦਰਾ ਨਾਲੇ ਮੈਂ ਕਿਹੜਾ ਤੈਨੂੰ ਮੋਢਿਆਂ ਤੇ ਚੁੱਕ ਕੇ ਲੈਕੇ ਜਾਣਾ ਹੈਂ, .... ਬਹਿ ਜਾਵੀ ਤੂੰ ਵੀ ਗੱਡੀ ਵਿੱਚ... ਮੇਰਾ ਕੀ ਭਾਰ ਲੱਗਦਾ ਹੈ। ਬੇਬੇ ਆਪਣੇ ਪੁੱਤ ਨੂੰ ਆਖ ਦੇ ਸਵੇਰੇ ਸਮੇਂ ਨਾਲ ਹੀ ਆ ਜਾਵੇ ਅਸੀ ਕੋਈ ਆਵਾਜ਼ਾਂ ਨਹੀ ਮਾਰਨੀਆਂ, ਦੂਜਾ ਸਮਝਾ ਦੇਵੀਂ ਸਾਨੂੰ ਕੋਈ ਹੋਰ ਡਰਾਮਾ ਵੀ ਨਹੀ ਚਾਹੀਦਾ।"

" ਬੇਬੇ ਮੈਂ ਕੀ ਕਹਿਣਾ ਕਿਸੇ ਨੂੰ ਜੋ ਜੀ ਕਰਦਾ ਕਰਨ..... ਮੈਨੂੰ ਤਾਂ ਐਵੇਂ ਹੀ ਬਦਨਾਮ ਕੀਤਾ ਹੈਂ।"

"ਤੂੰ ਚੁੱਪ ਹੀ ਰਹਿ ਮਹਿੰਦਰਾ ਤਾਂ ਚੰਗਾ ਹੈਂ ਨਹੀ ਤਾਂ ਸੱਚੀ ਗੱਲ ਤੇਰੇ ਅਰਜੁਨ ਦੇ ਤੀਰ ਵਾਗੂੰ ਲੱਗਣੀ ਹੈਂ ਫੇਰ ਐਵੇਂ ਤੜਫਨ ਲੱਗ ਜਾਵੇਗਾ।"ਪਾਲੋ ਬੋਲੀ।

" ਬੇਬੇ ਹੁਣ ਤੂੰ ਹੀ ਵੇਖ ਲਾ..... ਨਾਲੇ ਮੈ ਸਵੇਰੇ ਉਸੇ ਟਾਇਮ ਆ ਜਾਵਾਂਗਾ, ਜਦੋ ਤੁਸੀ ਆਖੋ।" ਉਹ ਆਪਣੇ ਘਰ ਚਲਾ ਜਾਂਦਾ ਹੈ। (ਸਾਰੇ ਜਾਣੇ ਫੁੱਲ ਪਾ ਕੇ ਵਾਪਸ ਆ ਜਾਂਦੇ ਹਨ, ਹੁਣ ਸਲਾਹਾਂ ਕਰਦੇ ਹਨ ਕੇ ਭੋਗ ਤੇ ਕੀ ਕੁਝ ਕਰਨਾ ਹੈ)

"ਤਾਇਆਂ ਤੂੰ ਪਹਿਲਾਂ ਤਾਂ ਮੈਨੂੰ ਇਹ ਦੱਸ ਕਿ ਕਿੰਨਾ ਕੁ ਇਕੱਠ ਹੋ ਜਾਵੇਗਾ,ਭੋਗ ਵਾਲੇ ਦਿਨ।"ਪਾਲੋ ਅਮਰੇ ਨੂੰ ਪੁੱਛਦੀ ਹੈਂ।

"ਪੁੱਤ ਮੇਰੇ ਹਿਸਾਬ ਨਾਲ ਸਾਰਾ ਪਿੰਡ ਆਪਣਾ, ਤਿੰਨੇ ਭੈਣਾਂ, ਅਗਾਂਹ ਉਹਨਾਂ ਦੀਆਂ ਰਿਸ਼ਤੇਦਾਰੀਆਂ, ਤੇਰੇ ਮਾਮੇ, ਉਹਨਾਂ ਦੇ ਅਗਾਂਹ ਰਿਸ਼ਤੇਦਾਰ, ਲਗਭਗ ਆਸੇ ਪਾਸੇ ਦੇ ਪੰਜ ਪਿੰਡਾਂ ਦੇ ਬੰਦੇ, ਅੱਧਾ ਸ਼ਹਿਰ , ਫਿਰ ਲੀਡਰਾਂ ਨਾਲ ਵੀ ਬੰਦੇ ਆਉਣਗੇ..... ਨਾ –ਨਾ ਕਰਦੇ ਵੀ ਸੱਤ –ਸਾਢੇ ਸੱਤ ਹਜ਼ਾਰ ਦਾ ਇਕੱਠ ਤਾਂ ਹੋ ਹੀ ਜਾਵੇਗਾ, ਨਾਲੇ ਜੈਲਦਾਰ ਆਪ ਨਹੀ ਰਹਿੰਦਾ ਸੀ ਕਿਸੇ ਦੇ ਜਾਣ ਵੱਲੋਂ। ਜੇ ਸੁਨੇਹੇ ਨਾ ਲਾਏ ਤਾਂ ਲੋਕ ਗੁੱਸਾ ਕਰਨਗੇ।"

" ਗੁੱਸੇ ਤਾਂ ਆਪਾ ਕਾਹਤੋਂ ਕਰਨਾ ਤਾਇਆਂ ਆ ਡਿਊਟੀ ਤੂੰ ਆਪ ਹੀ ਸੰਭਾਲ ਸਾਰਿਆਂ ਨੂੰ ਸੁਨੇਹਾ ਲਾਉਣ ਦੀ ਨਾਲੇ ਤੈਨੂੰ ਬਾਪੂ ਦੇ ਸਾਰੇ ਬੇਲੀਆਂ ਦਾ ਪਤਾ ਹੈ, "ਰਮਨ ਨੇ ਅਮਰ ਸਿੰਘ ਨੂੰ ਆਖਿਆ।

" ਠੀਕ ਹੈ ਪੁੱਤ....... !"

"ਹੁਣ ਆਪਾਂ ਕਰਨਾ ਕੀ ਹੈ ਇਹ ਸੋਚੀਏ।"

"ਸੋਚਣਾ ਕੀ ਹੈ ਪਾਲੋ ਇਹੋ ਜਿਹਾ ਕਰਨਾ ਬਾਪੂ ਦਾ ਮਰਨਾ,ਲੋਕ ਯਾਦ ਰੱਖਣ ਕਿਸੇ ਵੀ ਚੀਜ਼ ਦੀ ਕਮੀ ਨਹੀ ਰਹਿਣੀ ਚਾਹੀਦੀ",ਪਾਲੋ ਦਾ ਸਰਦਾਰ ਬੋਲਿਆ।

"ਉਹ ਤਾਂ ਤੁਹਾਡੀ ਗੱਲ ਠੀਕ ਹੈਂ ਜੀ ਪਰ..... !"

"ਪਰ ਕੀ ਦੱਸ ਆਪਾਂ ਨੂੰ ਕੀ ਕੋਈ ਕਮੀ ਹੈਂ....।"

"ਨਹੀ ਸਰਦਾਰ ਜੀ ਕਮੀ ਦੀ ਗੱਲ ਨਹੀ ਐਨੇ ਬੰਦਿਆਂ ਦਾ ਪ੍ਰਬੰਧ ਕਿੱਥੇ ਕਰਾਂਗੇ?"

"ਆਪਣੇ ਗੁਰੂਦੁਆਰਾ ਸਾਹਿਬ ਜਾ ਧਰਮਸਾਲਾ ਵਿੱਚ ਇੰਨੀ ਥਾਂ ਨਹੀ ਹੈ।"

"ਥਾਂ ਦੀ ਕੀ ਕਮੀ ਹੈ ਚਾਰ ਏਕੜਾਂ ਵਿੱਚ ਟੈਂਟ ਲਗਵਾ ਦਿੰਦੇ ਹਾਂ......ਮੈਂ ਹੁਣੇ ਹੀ ਦਸਮੇਸ਼ ਟੈਂਟ ਹਾਉਸ ਤੇ ਫੋਨ ਕਰ ਦਿੰਦਾ ਹਾਂ...... ਉਹ ਹਲਵਾਈ ਵੀ ਭੇਜ ਦੇਣਗੇ ਤੇ ਸਾਰਾ ਸਮਾਨ ਵੀ ਲਿਖਵਾ ਜਾਣਗੇ।"(ਸਰਦਾਰ ਜੀ ਉਸੇ ਸਮੇਂ ਟੈਂਟ ਵਾਲਿਆਂ ਨੂੰ ਫੋਨ ਕਰ ਦਿੰਦੇ ਹਨ)

ਸ਼ਾਮ ਨੂੰ ਹੀਵਹਲਵਾਈ ਤੇ ਟੈਂਟ ਵਾਲੇ ਆ ਜਾਂਦੇ ਹਨ। ਉਹ ਸਾਰਾ ਸਮਾਨ ਬੰਦਿਆਂ ਦੀ ਗਿਣਤੀ ਅਨੁਸਾਰ ਲਿਖਵਾ ਦਿੰਦੇ ਹਨ।

"ਅਸੀ ਆਪਣੇ ਬਾਪੂ ਦੇ ਭੋਗ ਤੇ ਕੋਈ ਕਮੀ ਨਹੀ ਛੱਡਣੀ ਸੁੱਖ ਨਾਲ ਪੂਰਾ ਭਰਿਆ ਪਰਿਵਾਰ ਛੱਡ ਕੇ ਗਿਆ ਸਾਡਾ ਬਾਪੂ .....ਕਿਸੇ ਵੀ ਚੀਜ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ ਜੇ ਸਮਾਨ ਵੱਧ ਜਾਵੇ ਤਾਂ ਕੋਈ ਗੱਲ ਨਹੀਂ" ਰਮਨ ਨੇ ਹਲਵਾਈ ਨੂੰ ਆਖਿਆ।

"ਸਰਦਾਰਨੀ ਜੀ ਇਸ ਹਿਸਾਬ ਨਾਲ ਤਾਂ ਸਾਨੂੰ ਤਿੰਨ ਦਿਨ ਪਹਿਲਾਂ ਕੰਮ ਚਲਾਉਣਾ ਪੈਣਾ ਹੈ ਤੇ ਇੰਨੇ ਇਕੱਠ ਨੂੰ ਸਮਾਨ ਵਰਤਾਉਣ ਲਈ ਵੇਟਰ ਵੀ ਕਾਫ਼ੀ ਚਾਹੀਦੇ ਹੋਣਗੇ",ਹਲਵਾਈ ਪਾਲੋ ਨੂੰ ਕਹਿੰਦਾ ਹੈ ।

"ਤੂੰ ਭਲਾ ਚਾਰ ਦਿਨ ਪਹਿਲਾਂ ਲੱਗ ਜਾ ਸਾਨੂੰ ਕੋਈ ਪਰੇਸ਼ਾਨੀ ਨਹੀਂ , ਵੇਟਰ ਕਿੰਨੇ ਮਰਜ਼ੀ ਕਰ ,ਪਰ ਇੱਕ ਗੱਲ ਯਾਦ ਰੱਖੀਂ ਸਮਾਨ ਬਨਾਉਣ ਵਿੱਚ ਤੇ ਵਰਤਾਉਣ ਵਿੱਚ ਕੋਈ ਵੀ ਕਮੀ ਨਹੀਂ ਆਉਣੀ ਚਾਹੀਦੀ, ਦਿਹਾੜੀਆ ਤੇ ਕੰਮ ਕਰਨਾ ਹੈ ਉਵੇਂ ਕਰ ਜੇ ਠੇਕਾ ਮੁਕਾਉਣਾ ਹੈ ਉਵੇਂ ਕਰ ,ਖਰਚ ਦੀ ਬਿਲਕੁਲ ਪਰਵਾਹ ਨਾ ਕਰ ਕਿੰਨਾ ਮਰਜ਼ੀ ਹੋ ਜਾਵੇ ਤੂੰ ਸਾਰਾ ਸਮਾਨ,ਰਾਜ਼ਨ ਨੂੰ ਲਿਖ ਕੇ ਦੇ,ਇਹ ਆਪੇ ਹੀ ਲਿਆ ਦੇਵੇਗਾ।" ਪਾਲੋ ਦੀਆਂ ਗੱਲਾਂ ਸੁਣ– ਸੁਣ ਕਰਮਜੀਤ ਦਾ ਦਿਲ ਘੱਟਦਾ ਜਾਂਦਾ ਸੀ। (ਸਾਡੇ ਪੈਸੇ ਹਨ ਤੇ ਲੁੱਟ ਪਾਲੋ ਪਾਈ ਜਾਂਦੀ ਹੈ, ਅੰਦਰੋ ਹੀ ਅੰਦਰ ਉਹ ਸੜੀ ਜਾ ਰਹੀ ਸੀ ਪਰ ਕਰ ਕੁਝ ਵੀ ਨਹੀਂ ਸੀ ਸਕਦੀ)

"ਕਰਮਜੀਤ.... ਹਵੇਲੀ ਵਿੱਚ ਮਹਿੰਦਰ ਨੂੰ ਆਖਦੀ ਹੈ, "ਪਾਲੋ ਦਾ ਤਾਂ ਮੈਨੂੰ ਦਿਮਾਗ ਖਰਾਬ ਹੋ ਗਿਆ ਲੱਗਦਾ ਹੈ। ਕਰਨਾ ਤਾਂ ਬਾਪੂ ਦਾ ਮਰਨਾ ਹੈ ਤੇ ਪਖੰਡ ਵੇਖ ਕੀ ਕਰਦੀ ਪਈ ਹੈ।"

"ਕਰੇ ਵੀ ਕਿਉਂ ਨਾ ਬਾਪੂ ਦਾ ਕਰੋੜਾਂ ਰੁਪਿਆ ਜੋ ਨੱਪਣਾ ਹੈ.... ਹੁਣ ਚੰਗੀ ਤਾਂ ਬਣ –ਬਣ ਕੇ ਪਿੰਡ ਵਾਲਿਆਂ ਨੂੰ ਦਿਖਾਉਣ ਹੀ ਹੋਇਆ... .....ਆਖੇ ਮਾਲ ਮਾਲਕਾਂ ਦਾ ਮਸ਼ਹੂਰੀ ਕੰਪਨੀ ਦੀ ਪੈਸੇ ਤਾਂ ਬਾਪੂ ਦੇ ਹੀ ਹਨ ਵਾਹ –ਵਾਹ ਆਂਵਦੀ ਕਰਵਾ ਲਵੇਗੀ ਸਾਰੇ ਪਿੰਡ ਵਿੱਚ..... ਮਾੜੇ ਰਹਿ ਗਏ ਅਸੀ..... ਬੇਬੇ ਵੀ ਤਾਂ ਉਸੇ ਦੀ ਹੀ ਗੱਲ ਸੁਣਦੀ ਹੈ ।ਭਰ ਦੇਣ ਦੇ ਲੋਕਾਂ ਦੇ ਬੱਬਰ,ਸਾਨੂੰ ਕੀ" ਮਹਿੰਦਰ ਕਰਮਜੀਤ ਨੂੰ ਜਵਾਬ ਦਿੰਦਾ ਹੈ।

ਹਲਵਾਈ ਦਾ ਸਮਾਨ ਆ ਗਿਆ ਤੇ ਉਹ ਲੱਗ ਗਏ ਆਪਣੇ ਕੰਮ,ਦੂਜੇ ਪਾਸੇ ਟੈਂਟ ਵੀ ਤਿੰਨ ਦਿਨ ਪਹਿਲਾਂ ਹੀ ਲੱਗਣ ਲੱਗ ਜਾਦਾਂ ਹੈ ।ਘਰ ਵਿੱਚ ਕੰਮ ਕਰਨ ਵਾਲਿਆਂ ਦੀ ਵੀ ਭੀੜ ਲੱਗੀ ਹੋਈ ਹੈ। ਸਾਰੇ ਹੀ ਪਿੰਡ ਵਿੱਚ ਜੈਲਦਾਰ ਦੇ ਭੋਗ ਦੀਆਂ ਗੱਲਾਂ ਹੀ ਹੋ ਰਹੀਆਂ ਹਨ।

ਚੱਲਦਾ.......

# ਬਦਲਾਅ ਕੁਦਰਤ ਦਾ ਨਿਯਮ



ਹਰਪ੍ਰੀਤ ਕੌਰ ਸੰਧੂ



ਬਦਲਾਅ ਕੁਦਰਤ ਦਾ ਨਿਯਮ ਹੈ। ਕੋਈ ਵੀ ਚੀਜ਼ ਹਮੇਸ਼ਾ ਇੱਕੋ ਜਿਹੀ ਨਹੀਂ ਰਹਿੰਦੀ। ਫਿਰ ਉਹ ਮੌਸਮ ਹੋਵੇ, ਇੱਛਾਵਾਂ ਹੋਣ, ਭਾਵਨਾਵਾਂ ਹੋਣ, ਉਮੀਦਾਂ ਹੋਣ, ਮੁਹੱਬਤ ਹੋਵੇ, ਨਫ਼ਰਤ ਹੋਵੇ, ਜ਼ਿੰਦਗੀ ਹੋਵੇ ਸਭ ਬਦਲਦਾ ਰਹਿੰਦਾ ਹੈ। ਚੰਨ ਨੂੰ ਹੀ ਦੇਖੋ ਇੱਕ ਮਹੀਨੇ ਵਿੱਚ ਕਿੰਨੇ ਰੂਪ ਬਦਲਦਾ ਹੈ। ਚੰਨ ਤੁਹਾਡੇ ਮਨ ਦਾ ਕਾਰਕ ਹੈ। ਜਿਵੇਂ ਚੰਨ ਬਦਲਦਾ ਹੈ ਇਵੇਂ ਹੀ ਮਨ ਬਦਲਦਾ ਹੈ। ਜੋ ਤੁਸੀਂ ਅੱਜ ਹੋ ਉਹ ਕੱਲ੍ਹ ਨਹੀਂ ਹੋਵੋਗੇ ਤੇ ਜੋ ਕੱਲ ਹੋ ਉਹ ਪਰਸੋਂ ਨਹੀਂ ਹੋਣਾ।

ਕਈ ਵਾਰ ਸਾਨੂੰ ਲੱਗਦਾ ਹੈ ਕਿ ਕਿਸੇ ਵਿਅਕਤੀ ਬਿਨਾਂ ਅਸੀਂ ਜੀ ਨਹੀਂ ਸਕਦੇ। ਉਹ ਸਾਡੇ ਲਈ ਜ਼ਿੰਦਗੀ ਬਣ ਜਾਂਦਾ ਹੈ।ਪਰ ਅਜਿਹਾ ਨਹੀਂ ਹੁੰਦਾ। ਹਰ ਖੁਮਾਰ ਕੁਝ ਦਿਨ ਬਾਅਦ ਉੱਤਰ ਜਾਂਦਾ ਹੈ।ਜਿੰਦਾ ਰਹਿਣ ਲਈ ਸਿਰਫ ਸਾਹ ਚੱਲਣੇ ਚਾਹੀਦੇ ਹਨ।ਤੁਸੀਂ ਉਹਨਾਂ ਦੇ ਬਿਨਾਂ ਵੀ ਜੀ ਸਕਦੇ ਹੋ ਜਿਨਾਂ ਬਿਨਾਂ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਨਹੀ ਜੀ ਸਕਦੇ।

ਇਸ ਬਦਲ ਦੀ ਦੁਨੀਆਂ ਵਿੱਚ ਲੋਕ ਬਹੁਤ ਤੇਜ਼ੀ ਨਾਲ ਬਦਲਦੇ ਹਨ। ਜਿਵੇਂ ਚੰਦ ਮੱਸਿਆ ਤੋਂ ਪੂਰਨਮਾਸ਼ੀ ਵਿੱਚ ਬਦਲਦਾ ਹੈ ਉਸੇ ਤਰ੍ਹਾਂ ਮਨੁੱਖ ਆਪਣੇ ਲਾਲਚ ਆਪਣੀਆਂ ਲੋੜਾਂ ਦੇ ਮੁਤਾਬਕ ਬਦਲਦਾ ਰਹਿੰਦਾ ਹੈ।ਜਿਸ ਦੀ ਲੋੜ ਹੋਵੇ ਉਸ ਦੇ ਪਿੱਛੇ ਪਿੱਛੇ ਲੋਕ ਫਿਰਦੇ ਹਨ। ਜਦੋਂ ਮਤਲਬ ਨਿਕਲ ਜਾਵੇ ਤਾਂ ਉਸ ਨੂੰ ਪੁੱਛਦੇ ਵੀ ਨਹੀਂ ਹਨ। ਇਹ ਗੱਲਾਂ ਇੱਕ ਭਾਵੁਕ ਵਿਅਕਤੀ ਲਈ ਪ੍ਰੇਸ਼ਾਨੀ ਦਾ ਕਾਰਕ ਬਣਦੀਆਂ ਹਨ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਇਸ ਗੱਲ ਨੂੰ ਸਮਝ ਲਿਆ ਜਾਵੇ ਕਿ ਤੁਸੀ ਆਪਣੀ ਖੁਸ਼ੀ ਲਈ ਆਪ ਯਤਨ ਕਰਨਾ ਹੈ।ਜੇ ਤੁਹਾਡੀ ਜ਼ਿੰਦਗੀ ਵਿੱਚ ਕੋਈ ਦੋਗਲਾ ਬੰਦਾ ਹੈ ਤਾਂ ਉਸ ਨੂੰ ਪਰਾਂ ਵਗਾ ਮਾਰੋ।ਇੱਕ ਦੋ ਦਿਨ ਜਰੂਰ ਤੁਸੀ ਪ੍ਰੇਸ਼ਾਨ ਹੋਵੋਗੇ ਪਰ ਹੌਲੀ ਹੌਲੀ ਤੁਹਾਡੀ ਜ਼ਿੰਦਗੀ ਸੁਖਾਲੀ ਹੋ ਜਾਵੇਗੀ। ਸਵਾਰਥੀ ਤੇ ਦੋਗਲੇ ਲੋਕਾਂ ਨਾਲ ਜੀਣਾ ਬਹੁਤ ਔਖਾ ਹੈ। ਇਹ ਹਰ ਪਲ ਬਦਲਦੇ ਲੋਕ ਤੁਹਾਡੀਆਂ ਭਾਵਨਾਵਾਂ ਨੂੰ ਆਹਤ ਕਰਦੇ ਹਨ।

ਆਪਣਾ ਤੇ ਆਪਣੀਆਂ ਭਾਵਨਾਵਾਂ ਦਾ ਖਿਆਲ ਰੱਖਣਾ ਤੁਹਾਡੀ ਜ਼ਿੰਮੇਵਾਰੀ ਹੈ। ਤੁਹਾਡੇ ਲਈ ਜੇ ਤੁਸੀਂ ਹੀ ਕੋਈ ਕਦਮ ਨਹੀਂ ਉਠਾਉਗੇ ਤਾਂ ਦੂਜਾ ਕੋਈ ਕੁਝ ਨਹੀ ਕਰ ਸਕਦਾ। ਜਿਸ ਵਿਅਕਤੀ ਦਾ ਵਿਹਾਰ ਤੁਹਾਨੂੰ ਦੁੱਖ ਦਿੰਦਾ ਹੈ ਉਸ ਤੋ ਦੂਰੀ ਬਣਾ ਲਓ। ਤੁਹਾਡੀ ਜ਼ਿੰਦਗੀ ਵਿੱਚ ਕੌਣ ਰਹੇਗਾ ਇਹ ਤੁਹਾਡਾ ਨਿਰਣਾ ਹੈ। ਤੁਸੀ ਫੈਸਲਾ ਕਰੋਗੇ ਕਿ ਕੌਣ ਤੁਹਾਡੇ ਲਈ ਮਹੱਤਵ ਰੱਖਦਾ ਹੈ ਤੇ ਕੌਣ ਨਹੀਂ।

ਆਪਣੀ ਖੁਸ਼ੀਆਂ ਦੀ ਚਾਬੀ ਕਿਸੇ ਦੂਜੇ ਦੇ ਹੱਥ ਵਿੱਚ ਨਾ ਦਿਓ। ਤੁਹਾਡੀਆਂ ਖੁਸ਼ੀਆਂ ਕਿਸੇ ਤੇ ਅਧਾਰਿਤ ਕਿਉਂ ਹੋਣ? ਤੁਸੀ ਖੁਦ ਸੋਚੋ ਕਿ ਤੁਸੀ ਕੀ ਕਰਨਾ ਹੈ। ਤੁਸੀ ਖੁਦ ਫੈਸਲਾ ਕਰੋ ਕਿ ਤੁਸੀ ਕਿਸ ਨਾਲ ਸੰਬੰਧ ਰੱਖਣਾ ਹੈ ਤੇ ਕਿਸ ਨਾਲ ਨਹੀਂ। ਇਸ ਲਈ ਦੂਜੇ ਦੇ ਮੂੰਹ ਵੱਲ ਨਾ ਦੇਖੋ। ਸਵਾਲਾਂ ਦੇ ਜਵਾਬ ਦੇ ਇੰਤਜ਼ਾਰ ਵਿੱਚ ਬੈਠੇ ਰਹਿਣਾ ਬੜੀ ਤਕਲੀਫ ਦਿੰਦਾ ਹੈ। ਆਪਣੀ ਖੁਸ਼ੀ ਲਈ ਕਿਸੇ ਦੇ ਮੂੰਹ ਵੱਲ ਦੇਖਣਾ ਭੀਖ ਮੰਗਣਾ ਹੈ। ਅਜਿਹਾ ਕੰਮ ਕਦੀ ਵੀ ਨਾ ਕਰੋ।

ਤੁਹਾਡੀ ਖੁਸ਼ੀ ਤੁਹਾਡੀ ਚੋਣ ਹੈ। ਇਹ ਦੇਖ ਲਓ ਕਿ ਕੌਣ ਤੁਹਾਡੇ ਨਾਲ ਚੰਗੀ ਤਰ੍ਹਾਂ ਵਿਹਾਰ ਕਰਦਾ। ਉਸ ਵਿਅਕਤੀ ਨਾਲ ਹੀ ਸੰਬੰਧ ਰੱਖੋ ਜੋ ਤੁਹਾਡੇ ਲਈ ਖੁਸ਼ੀਆਂ ਲੈ ਕੇ ਆਉਂਦਾ। ਜੋ ਖੁਦ ਤੁਹਾਡੀ ਜ਼ਿੰਦਗੀ ਵਿੱਚ ਆਉਣਾ ਚਾਹੁੰਦਾ ਹੈ। ਜੇਕਰ ਤੁਸੀ ਧੱਕੇ ਨਾਲ ਕਿਸੇ ਨਾਲ ਨੂੰ ਬੰਨਣ ਦੀ ਕੋਸ਼ਿਸ਼ ਕਰੋਗੇ ਤਾਂ ਤੁਸੀ ਹੀ ਦੁਖੀ ਹੋਵੋਗੇ। ਅਜਿਹਾ ਭੁੱਲ ਕੇ ਵੀ ਨਾ ਕਰੋ।

ਇੱਕ ਗੱਲ ਯਾਦ ਰੱਖੋ ਇਸ ਦੁਨੀਆਂ ਵਿੱਚ ਸੱਤ ਅਰਬ ਲੋਕ ਹਨ। ਕੋਈ ਵੀ ਮਨੁੱਖ ਆਖਰੀ ਨਹੀ ਹੈ। ਜੇਕਰ ਤੁਹਾਡੇ ਜਾਣ ਪਛਾਣ ਵਿੱਚ ਕੋਈ ਇੱਕ ਵਿਅਕਤੀ ਮਾੜਾ ਨਿਕਲ ਆਉਂਦਾ ਹੈ ਤਾਂ ਤੁਹਾਨੂੰ ਕੋਈ ਇੱਕ ਚੰਗਾ ਵੀ ਮਿਲ ਹੀ ਜਾਵੇਗਾ। ਬਹੁਤ ਜਰੂਰੀ ਹੈ ਕਿ ਮਾੜੇ ਬੰਦੇ ਤੋਂ ਛੇਤੀ ਤੋ ਛੇਤੀ ਕਿਨਾਰਾ ਕਰ ਲਵੋ।


ਕਹਿੰਦੇ ਨੇ ਨਾ ਲੱਗਦੀ ਨਾਲੋਂ ਟੁੱਟੀ ਚੰਗੀ ਜਿਹੜੀ ਬੇਕਦਰਾਂ ਦੀ ਯਾਰੀ
ਭਲਾ ਹੋਇਆ ਲੜ ਮੇਰਿਓ ਛੁੱਟਾ ਤੇ ਮੇਰੀ ਉਮਰ ਨਾ ਗੁਜਰੀ ਸਾਰੀ।

# ਇੱਜ਼ਤ

ਨੱਚਣ ਵਾਲੀ ਦੀ ਇੱਜ਼ਤ ਕਹਿੰਦੇ ਨਹੀਂ ਹੁੰਦੀ,
ਮੌਕੇ ਖੁਸ਼ੀ ਦੇ ਤੇ ਫੇਰ ਬੁਲਾਉਂ ਕਾਹਤੋਂ।
ਵੱਡੇ ਇੱਜ਼ਤਦਾਰ ਨੋਟ ਜਿਹੜੇ ਵਾਰਦੇ ਨੇ,
ਖੜ੍ਹ ਕੇ ਸਟੇਜ 'ਤੇ ਨਾਲ ਨਚਾਉ ਕਾਹਤੋਂ।
ਚਿੱਟ ਦਾਹੜ੍ਹੀਏ ਵੇਖੇ ਕਈ ਨਾਲ ਨੱਚਦੇ,
ਜੇਕਰ ਮਾੜੀਆਂ ਮੂੰਹ ਫਿਰ ਲਾਉ ਕਾਹਤੋਂ।
ਇਨ੍ਹਾਂ ਬਿਨਾਂ ਨਾਲੇ ਖੁਸ਼ੀ ਨਾ ਪੂਰ ਚੜ੍ਹਦੀ,
ਖੁਸ਼ੀ ਇਨ੍ਹਾਂ ਨਾਲ ਦੂਣੀ ਕਰਾਉ ਕਾਹਤੋਂ।
ਜਦੋਂ ਸਟੇਜ ਤੇ ਲੱਕ ਹਿਲਾ ਨੱਚਦੀਆਂ,
ਨੰਗੇ ਜਿਸਮ ਨੂੰ ਵੇਖ ਲਲਚਾਉ ਕਾਹਤੋਂ।
ਨੱਚੀਂ ਸਟੇਜ ਤੇ ਖੁੱਲ੍ਹਾ ਕਿ ਨੋਟ ਵਰ੍ਹ ਜਾਣ,
ਡੀ.ਜੇ ਵਾਲਿਓ ਗੱਲ ਸਮਝਾਉ ਕਾਹਤੋਂ।

ਜੀਅ ਕਰਦਾ ਨਹੀਂ ਕਿਸੇ ਦਾ ਇੰਜ ਨੱਚੇ,
ਮਜ਼ਬੂਰੀ ਉਸ ਦੀ ਦਿਲੋ ਭੁਲਾਉ ਕਾਹਤੋਂ।
ਵੱਡੇ ਇੱਜ਼ਤਦਾਰ ਇੱਜ਼ਤ ਵਾਲੀ ਆਉਣ ਲੈ ਕੇ,
ਸੱਦ ਕੇ ਬਾਅਦ 'ਚ ਉਂਗਲ ਉਠਾਉ ਕਾਹਤੋਂ।
ਗੱਲ ਸੱਚੀ ਇਹ ਕਈਆਂ ਦੇ ਹੈ ਚੁਭਣੀ,
ਪੀ ਕੇ ਤੁਸੀਂ ਵੀ ਖੱਪ ਨਾਲ ਪਾਉ ਕਾਹਤੋ।
ਇੱਜ਼ਤਦਾਰ ਹੋ ਇੱਜ਼ਤ ਵਾਲੇ ਰਹੋ ਬਣਕੇ,
ਥੂ–ਥੂ ਲੋਕਾਂ ਵਿੱਚ ਦੱਸੋ ਕਰਾਉ ਕਾਹਤੋਂ।
ਮੱਲ੍ਹੀ ਫੂਲ ਵਾਲਾ ਸੱਚ ਸਦਾ ਰਹੂ ਲਿਖਦਾ,
ਸੱਚੀ ਗੱਲ ਤੇ ਮਿਰਚਾਂ ਲਵਾਉ ਕਾਹਤੋਂ।

ਸ਼ਮਸ਼ੇਰ ਸਿੰਘ ਮੱਲ੍ਹੀ ਪਿੰਡ ਫੂਲ
90565 62524



# ਗੁਰਬਾਣੀ ਦਾ ਖਾਲਸਾ ਸੰਕਲਪ--

## (ਕਹੁ ਕਬੀਰ ਜਨ ਭਏ ਖਾਲਸੇ...)



ਹਰ ਸਾਲ 13 ਅਪ੍ਰੈਲ ਦਾ ਦਿਨ ਖਾਲਸੇ ਦੇ ਜਨਮ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦੀ ਧਰਤੀ ਤੇ ਖਾਲਸਾ ਸਾਜਿਆ ਸੀ। ਖਾਲਸਾ ਸਾਜਣ ਦਾ ਮੁੱਖ ਮਕਸਦ ਡਿੱਗਿਆਂ ਨੂੰ ਉਠਾਉਣਾ ਸੀ। ਲਿਤਾੜਿਆਂ ਨੂੰ ਉੱਪਰ ਚੁੱਕਣਾ ਸੀ ਅਤੇ ਉਨ੍ਹਾਂ ਵਿੱਚ ਆਤਮ-ਵਿਸ਼ਵਾਸ਼ ਜਗਾ ਕੇ ਉਨ੍ਹਾਂ ਨੂੰ ਜਿੰਦਗੀ ਜਿਉਣ ਦੇ ਯੋਗ ਬਣਾਉਣਾ ਸੀ। ਉਸ ਸਮੇਂ ਲੋਕਾਈ ਵਕਤ ਦੀ ਹਕੂਮਤ ਦਾ ਹਰ ਜ਼ਾਇਜ਼ -ਨਾਜ਼ਾਇਜ਼ ਹੁਕਮ ਸਿਰ ਸੁੱਟ ਕੇ ਮੰਨੀ ਜਾ ਰਹੀ ਸੀ। ਦੂਜੇ ਪਾਸੇ ਧਾਰਮਿਕ ਤੌਰ 'ਤੇ ਵੀ ਕਰਮ-ਕਾਂਡਾਂ ਵਿੱਚ ਉਲਝ ਰਹੀ ਸੀ ਅਤੇ ਧਰਮ ਦੇ ਅਸਲ ਤੱਤ ਨੂੰ ਭੁੱਲ ਰਹੀ ਸੀ। ਇਸ ਲਈ ਸੁੱਤੀ ਜਨਤਾ ਨੂੰ ਜਗਾਉਣ ਲਈ "ਖਾਲਸੇ" ਦੀ ਸਾਜਨਾ ਕੀਤੀ ਗਈ ਸੀ ...

ਬਹੁਤ ਸਾਰੇ ਲੇਖਕ ਭੁਲੇਖਾ ਖਾ ਜਾਂਦੇ ਹਨ ਅਤੇ ਕਹਿੰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਦੱਸਿਆ ਰਾਹ, ਗੁਰੂ ਨਾਨਕ ਦੇ ਦੱਸੇ ਰਾਹ ਤੋਂ ਅਲੱਗ ਹੈ। ਅਸਲ ਵਿੱਚ ਉਹ ਖ਼ੁਦ ਸਿਧਾਂਤ ਤੋਂ ਸਪੱਸ਼ਟ ਨਹੀਂ ਹਨ, ਤਦ ਐਸੀ ਗੱਲ ਕਰਦੇ ਹਨ। ਵਰਨਾ ਗੁਰੂ ਨਾਨਕ ਸਾਹਿਬ ਦਾ ਬਾਬਰ ਨੂੰ ਜਾਬਰ ਕਹਿਣਾ, "ਰਾਜੇ ਸ਼ੀਂਹ ਮੁੱਕਦਮ ਕੁੱਤੇ" ਆਖਣਾ ਉਸੇ ਮਾਰਗ ਦੀ ਪਹਿਲੀ ਪਉੜੀ ਹੈ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਹੱਥ ਸ਼ਮਸ਼ੀਰ ਲੈ ਕੇ ਦੱਸਿਆ ਸੀ। ਸਾਨੂੰ ਗੁਰੂ ਨਾਨਕ ਤੋਂ ਗੋਬਿੰਦ ਸਿੰਘ ਤੱਕ ਇੱਕੋ ਸਿਧਾਂਤ- ਭਗਤੀ ਅਤੇ ਸ਼ਕਤੀ- ਦਾ ਨਜ਼ਰ ਆਉਣਾ ਚਾਹੀਦਾ ਹੈ, "ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰ ਧਰੁ ਤਲੀ ਗਲੀ ਮੇਰੀ ਆਉ।।"-(ਪੰਨਾ 1412,ਮਹਲਾ 1,ਸਲੋਕ ਵਾਰਾਂ ਤੇ ਵਧੀਕ) ਗੁਰੂ ਗੋਬਿੰਦ ਸਿੰਘ ਨੇ ਨਹੀ, ਸਗੋਂ ਗੁਰੂ ਨਾਨਕ ਜੀ ਨੇ ਕਿਹਾ ਸੀ। ... ਜ਼ਰਾ ਹੋਰ ਪਿੱਛੇ ਚੱਲੀਏ ਤਾਂ ਭਗਤ-ਬਾਣੀ ਵਿੱਚੋ ਵੀ ਇਹੀ ਸਿਧਾਂਤ ਨਜ਼ਰ ਆਏਗਾ। ਕਬੀਰ ਸਾਹਿਬ ਫੁਰਮਾਉਂਦੇ ਹਨ,

"ਸੂਰਾ ਸੋ ਪਹਿਚਾਨੀਏ, ਜੋ ਲਰੈ ਦੀਨ ਕੇ ਹੇਤ।
ਪੁਰਜ਼ਾ ਪੁਰਜ਼ਾ ਕੱਟ ਮਰੈ, ਕਬਹੂੰ ਨ ਛਾਡੈ ਖੇਤ।।" --
(ਪੰਨਾ 1105,ਸਲੋਕ ਕਬੀਰ)

ਗੁਰਬਾਣੀ ਦੇ ਵਧੇਰੇ ਅਧਿਐਨ ਨਾਲ਼ ਸਾਨੂੰ ਹੋਰ ਭਗਤਾਂ ਅਤੇ ਗੁਰੂ ਸਾਹਿਬਾਨ ਦੇ ਸੈਂਕੜੇ ਅਜਿਹੇ ਹਵਾਲੇ ਮਿਲ ਜਾਣਗੇ ਜਿੱਥੇ ਉਨ੍ਹਾਂ ਆਪ ਸਮੇਂ ਦੇ ਹਾਕਮਾਂ, ਧਾਰਮਿਕ ਪਾਖੰਡੀਆਂ, ਲੋਟੂਆਂ, ਆਦਿ ਦੀ ਖੁਲ੍ਹੇਆਮ ਮੂੰਹ ਤੇ ਆਲੋਚਨਾ ਕੀਤੀ। ਅਤੇ ਆਪਣੇ ਸਿੱਖਾਂ ਸੇਵਕਾਂ ਨੂੰ ਸੱਚ ਬੋਲਣ, ਸੱਚ ਤੇ ਦ੍ਰਿੜ ਰਹਿਣ, ਅਤੇ ਜੁਲਮ ਦਾ ਵਿਰੋਧ ਕਰਨ ਦੀ ਸਿੱਖਿਆ ਦਿੱਤੀ। ਨਿਰਭਉ ਅਤੇ ਨਿਰਵੈਰ ਜੀਵਨ ਜਿਉਣ ਦੀ ਜਾਚ ਸਿਖਾਈ ਅਤੇ ਕਿਸੇ ਦੇ ਦਬਾਅ ਤੋਂ ਬਿਨਾਂ ਆਜ਼ਾਦ ਸ਼ਖਸ਼ੀਅਤ ਦੀ ਉਸਾਰੀ ਕੀਤੀ।....

ਇਸੇ ਤਰ੍ਹਾਂ ਇਹ ਵੀ ਵਿਚਾਰ ਕਰਨ ਵਾਲੀ ਗੱਲ ਹੈ ਕਿ ਖਾਲਸਾ ਸ਼ਬਦ ਕਦੋਂ ਵਰਤਿਆ ਗਿਆ ਤੇ ਇਸ ਦੇ ਕੀ ਅਰਥ ਹਨ? ਸਾਡੇ ਲਈ ਸਭ ਤੋਂ ਵੱਧ ਸਤਿਕਾਰਤ ਅਤੇ ਪ੍ਰਮਾਣੀਕ ਮੰਨੀ ਜਾਂਦੀ ਗੁਰਬਾਣੀ ਵਿੱਚ ਭਗਤ ਕਬੀਰ ਜੀ ਨੇ ਸ਼ਬਦ ਉਚਾਰਿਆ ਹੈ::

"ਬੇਦ ਪੁਰਾਨ ਸਭੈ ਮਤਿ ਸੁਨਿ ਕੈ, ਕਰੀ ਕਰਮ ਕੀ ਆਸਾ।।
ਕਾਲ ਗ੍ਰਸਤ ਸਭ ਲੋਗ ਸਿਆਨੇ, ਉਠਿ ਪੰਡਿਤ ਪੈ ਚਲੇ ਨਿਰਾਸਾ।।
ਮਨ ਰੇ ਸਰਿਓ ਨ ਏਕੈ ਕਾਜਾ।।
ਭਜਿਓ ਨ ਰਘੁਪਤਿ ਰਾਜਾ।। ਰਹਾਉ।।

ਬਨਖੰਡ ਜਾਇ ਜੋਗੁ ਤਪੁ ਕੀਨੋ, ਕੰਦ ਮੂਲੁ ਚੁਨਿ ਖਾਇਆ।।
ਨਾਦੀ ਬੇਦੀ ਸ਼ਬਦੀ ਮੋਨੀ ਜਮ ਕੇ ਪਟੈ ਲਿਖਾਇਆ।।
ਭਗਤਿ ਨਾਰਦੀ ਰਿਦੈ ਨ ਆਈ, ਕਾਛਿ ਕੂਛਿ ਤਨੁ ਦੀਨਾ।।
ਰਾਗ ਰਾਗਨੀ ਡਿੰਭ ਹੋਇ ਬੈਠਾ, ਉਨਿ ਹਰਿ ਪਹਿ ਕਿਆ ਲੀਨਾ।।
ਪਰਿਓ ਕਾਲੁ ਸਭੈ ਜਗ ਊਪਰ, ਮਾਹਿ ਲਿਖੇ ਭ੍ਰਮ ਗਿਆਨੀ।।
ਕਹੁ ਕਬੀਰ ਜਨ ਭਏ ਖਾਲਸੇ, ਪ੍ਰੇਮ ਭਗਤਿ ਜਿਹ ਜਾਨੀ।।
---(ਪੰਨਾ 654,ਸੋਰਠਿ ਕਬੀਰ ਜੀ)

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਉਚੇਚਾ ਫੁੱਟ ਨੋਟ ਦੇ ਕੇ ਇੱਕ ਭੁਲੇਖਾ ਦੂਰ ਕੀਤਾ ਹੈ। ਆਪ ਲਿਖਦੇ ਹਨ, "ਕਈ ਅਞਾਣ ਲੇਖਕਾਂ ਨੇ ਲਿਖਿਆ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਵਿਖੇ 'ਖਲਾਸੇ' ਦੀ ਥਾਂ 'ਖਾਲਸੇ' ਸ਼ਬਦ ਵਰਤਿਆ ਹੈ, ਪਰ ਇਹ ਉਨ੍ਹਾਂ ਦੀ ਭੁੱਲ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਕਰਤਾਰਪੁਰ ਵਾਲੀ ਬੀੜ ਵਿੱਚ ਪੁਰਾਣੀ ਕਲਮ ਦਾ ਲਿਖਿਆ ਪਾਠ ਖਾਲਸੇ ਹੈ।"

ਸਪੱਸ਼ਟ ਹੋਇਆ ਕਿ ਖਾਲਸਾ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਤੋ ਬਹੁਤ ਸਮਾਂ ਪਹਿਲਾਂ ਭਗਤ ਕਬੀਰ ਜੀ ਵਰਤ ਚੁੱਕੇ ਸਨ। ਭਾਈ ਕਾਨ੍ਹ ਸਿੰਘ ਜੀ ਦੀ ਗੱਲ ਪੂਰੀ ਤਰ੍ਹਾਂ ਮੰਨਣਯੋਗ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਕਿਸੇ ਵੀ ਸੂਰਤ ਵਿੱਚ ਗੁਰਬਾਣੀ ਦਾ ਇਕ ਸ਼ਬਦ ਵੀ ਨਹੀ ਸੀ ਬਦਲ ਸਕਦੇ। ਇਹ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਦਵਾਨ ਸੰਪਾਦਕ ਗੁਰੂ ਅਰਜਨ ਸਾਹਿਬ ਜੀ ਨੇ ਆਪਣਾ "ਸੰਪਾਦਕੀ ਹੱਕ" ਰੱਖਦੇ ਹੋਏ ਵੀ ਨਹੀਂ ਕੀਤਾ। ਗੁਰੂ ਸਾਹਿਬਾਨ ਨੇ ਜਿੱਥੇ ਲੋੜ ਸਮਝੀ ਹੈ, ਆਪਣਾ ਸ਼ਬਦ ਜਾਂ ਸਲੋਕ ਨਾਲ ਲਿਖ ਦਿੱਤਾ ਹੈ ਪਰ ਭਗਤ ਬਾਣੀ ਦਾ ਇੱਕ ਵੀ ਅੱਖਰ ਨਹੀਂ ਬਦਲਿਆ।...

ਉਪਰੋਕਤ ਸ਼ਬਦ ਵਿੱਚ ਕਬੀਰ ਜੀ ਨੇ ਉਸ ਪੁਰਖ ਨੂੰ ਖਾਲਸਾ ਕਿਹਾ ਹੈ ਜੋ ਪ੍ਰਭੂ ਪਿਤਾ ਦੀ ਪ੍ਰੇਮਾ-ਭਗਤੀ ਵਿੱਚ ਲੀਨ ਹੈ। ਐਸਾ ਇਨਸਾਨ ਹੀ ਵਾਸਤਵਿਕ ਵਿਚ ਆਜ਼ਾਦ ਹੋ ਸਕਦਾ ਹੈ ਕਿਉਂਕਿ ਮਾਲਕ ਦਾ ਪਿਆਰ ਨਿਰਭਉ ਅਤੇ ਨਿਰਵੈਰ ਬਣਾਉਂਦਾ ਹੈ। ਮਹਾਨ ਕੋਸ਼ ਵਿੱਚ ਹੀ ਖਾਲਸਾ ਸ਼ਬਦ ਦੇ ਅਰਥ ਇੰਝ ਲਿਖੇ ਗਏ ਹਨਅ- ਖਾਲਿਸਹ ਵਿ-ਸ਼ੁਧ
2. ਬਿਨਾਂ ਮਿਲਾਵਟ ਨਿਰੋਲ
3. ਸੰਗਯਾ ਉਹ ਜਮੀਨ ਜਾਂ ਮੁਲਕ ਜੋ ਬਾਦਸ਼ਾਹ ਦੇ ਅਧੀਨ ਹੈ ਜਿਸਪੁਰ ਕਿਸੇ ਜਗੀਰਦਾਰ ਅਥਵਾ ਜਿਮੀਦਾਰ ਦਾ ਸਵਤਵ ਨਹੀਂ
4. ਅਕਾਲੀ ਧਰਮ ਵਾਹਗੁਰੂ ਜੀ ਕਾ ਖਾਲਸਾ, ਸਿੰਘ ਪੰਥ
5. ਖਾਲਸਾ ਧਰਮਧਾਰੀ ਗੁਰੂ ਨਾਨਕ ਪੰਥੀ।

ਇਸ ਤਰਾਂ ਸਾਨੂੰ ਖਾਲਸੇ ਦੇ ਸਾਰੇ ਅਰਥ ਵਿਚਾਰਨੇ ਚਾਹੀਦੇ ਹਨ। ਜਿਨ੍ਹਾਂ ਤੋਂ ਇੱਕ ਐਸੇ ਮਨੁੱਖ ਬਾਰੇ ਪਤਾ ਲੱਗਦਾ ਹੈ, ਜੋ ਪੂਰਨ ਤੌਰ ਤੇ ਆਜ਼ਾਦ ਹੈ, ਸਿੱਧਾ ਅਕਾਲਪੁਰਖ ਦੇ ਅਧੀਨ ਹੈ-ਕਿਸੇ ਵਿਚੋਲੇ ਦੀ ਲੋੜ ਨਹੀ ਅਤੇ ਇਹ ਵਿਕਾਰਾਂ ਤੋਂ ਰਹਿਤ ਇੱਕ ਪਵਿੱਤਰ ਆਤਮਾ ਦਾ ਨਾਂ ਹੈ।......

ਇਸ ਤਰ੍ਹਾਂ ਗੁਰਬਾਣੀ ਅਨੁਸਾਰ ਖਾਲਸੇ ਦੀ ਪਹਿਲੀ ਤੇ ਮੁਢਲੀ ਸ਼ਰਤ ਪ੍ਰਭੂ ਨਾਲ ਪ੍ਰੇਮ ਹੋਣਾ ਹੈ। ਨਿਰਭਉ ਤੇ ਨਿਰਵੈਰ ਹੋਣਾ ਹੈ। ਗੁਰ-ਸ਼ਬਦ ਨਾਲ ਓਤਪੋਤ ਹੋਕੇ ਜਦ ਉਹ ਸਤ, ਸੰਤੋਖ, ਦਇਆ, ਧਰਮ, ਮਿੱਠਤ, ਸਹਿਣਸ਼ੀਲਤਾ ਵਰਗੇ ਗੁਣਾਂ ਨਾਲ ਲਬਰੇਜ਼ ਹੋ ਜਾਂਦਾ ਹੈ, ਤਦ 'ਗੁਰਬਾਣੀ ਤੋਂ ਕੁਰਬਾਨੀ' ਦਾ ਰਸਤਾ ਅਖਤਿਆਰ ਕਰਦਾ ਹੈ, ਜਾਲਮ ਨੂੰ ਵੰਗਾਰਦਾ ਹੈ, ਫਿਰ "ਸਿਰ ਦੀਜੈ ਕਾਣਿ ਨਾ ਕੀਜੈ" ਦੀ ਅਵਸਥਾ ਆ ਜਾਂਦੀ ਹੈ। ...

..... ਅਸੀਂ ਅੱਜ ਸਿਰਫ਼ ਖੰਡੇ ਬਾਟੇ ਦੀ ਪਾਹੁਲ ਛਕਣ ਵਾਲੇ ਲਈ ਖਾਲਸਾ ਸ਼ਬਦ ਵਰਤਦੇ ਹਾਂ। ਪਰ ਅਸਲ ਵਿੱਚ ਤਾਂ ਉਸ ਨੇ ਅਜੇ ਇਸ ਸਕੂਲ ਵਿੱਚ ਦਾਖਲਾ ਲਿਆ ਹੈ। ਜਿਸ ਤਰ੍ਹਾਂ ਇਹ ਜ਼ਰੂਰੀ ਹੈ ਕਿ ਹਰ ਵਿਦਿਆਰਥੀ ਵਰਦੀ ਪਾਵੇਗਾ, ਪਰ ਹਰ ਵਰਦੀ ਪਾਉਣ ਵਾਲੇ ਨੂੰ ਵਿਦਿਆਰਥੀ ਨਹੀਂ ਕਿਹਾ ਜਾ ਸਕਦਾ। ਇਹ ਤਾਂ ਅਧਿਆਪਕ ਹੀ ਦੱਸੇਗਾ ਕਿ ਕੀ ਸੱਚਮੁਚ ਉਹ ਵਿਦਿਆਰਥੀ ਹੈ ਜਾਂ ਨਹੀਂ। ਇਸ ਤਰ੍ਹਾਂ ਸਿੱਖ ਜਾਂ ਖਾਲਸਾ ਕੌਣ ਹੈ, ਅਸਲ ਵਿੱਚ ਤਾਂ ਗੁਰੂ ਹੀ ਦੱਸ ਸਕਦਾ ਹੈ। ਦਿਖਾਵੇ ਲਈ ਤਾਂ ਮੇਰੇ ਵਰਗੇ ਬਥੇਰੇ ਖਾਲਸੇ ਬਣੇ ਫ਼ਿਰਦੇ ਹਨ। ......

ਗੁਰੂ ਨਾਨਕ ਦਾ 'ਗੁਰਮੁਖਿ', ਗੁਰੂ ਅਰਜਨ ਜੀ ਦਾ 'ਬ੍ਰਹਮ ਗਿਆਨੀ' ਅਤੇ ਗੁਰੂ ਗੋਬਿੰਦ ਸਿੰਘ ਜੀ ਦਾ 'ਖਾਲਸਾ' ਓਹੀ ਮਨੁੱਖ ਵੱਲ ਇਸ਼ਾਰਾ ਕਰਦੇ ਜਾਪਦੇ ਹਨ ਜਿਸ ਬਾਰੇ ਭਗਤ ਕਬੀਰ ਜੀ ਨੇ ਫੁਰਮਾਇਆ ਹੈ,ਜਿਸ ਨੂੰ ਭਗਤ ਰਵਿਦਾਸ ਜੀ ਨੇ ਬੇਗਮਪੁਰੇ ਦਾ ਵਾਸੀ ਕਿਹਾ ਏ। ਅੱਜ ਤਾਂ ਬਾਹਰਲੀ ਰਹਿਤ ਵੀ ਅਲੋਪ ਹੋ ਰਹੀ ਹੈ। ਚਿੰਤਕ ਅਤੇ ਵਿਦਵਾਨ ਚਿੰਤਾ ਵਿੱਚ ਡੁੱਬੇ ਹਨ ਕਿ ਨੌਜਵਾਨ ਪੀੜ੍ਹੀ ਅੰਮ੍ਰਿਤ ਤਾਂ ਕੀ ਛਕੇਗੀ, ਉਹ ਤਾਂ ਕੇਸਾਂ ਨੂੰ ਵੀ ਭਾਰ ਸਮਝਣ ਲੱਗ ਪਈ ਹੈ। ਇਸ ਦੇ ਕਾਰਨ ਜਾਨਣੇ, ਅਤੇ ਪਤਿਤਪੁਣਾ ਦੂਰ ਕਰਨ ਲਈ ਕੀ ਯਤਨ ਕੀਤੇ ਜਾਣ, ਇੱਕ ਵੱਖਰਾ ਤੇ ਲੰਮਾ ਵਿਸ਼ਾ ਹੈ। ਸਿਰਫ਼ ਇੱਕ ਗੱਲ ਜੋ ਲਗਦੀ ਹੈ ਉਹ ਇਹ ਕਿ ਅਸੀਂ ਗੁਰਬਾਣੀ ਦੇ ਨੇੜੇ ਨਹੀਂ ਹਾਂ। ਪਾਠ, ਕਥਾ, ਕੀਰਤਨ ਬਹੁਤ ਹੋ ਰਹੇ ਹਨ, ਪਰ ਬਾਣੀ ਦਾ ਭੇਅ ਅਤੇ ਉਸ ਅਨੁਸਾਰ ਜੀਵਨ ਜਿਊਣ ਦਾ ਚਾਅ ਸਾਨੂੰ ਨਹੀਂ ਆਇਆ। ਇਸੇ ਲਈ ਬਾਹਰਲੀ ਰਹਿਤ ਅਲੋਪ ਹੋ ਰਹੀ ਹੈ। ਕਿਉਂਕਿ "ਸਭ ਕਿਛੁ ਜਾਨੈ ਆਤਮ ਕੀ ਰਹਤ" ਅਨੁਸਾਰ ਅੰਦਰਲੀ ਰਹਤ ਤੋਂ ਹੀ ਸਭ ਗਿਆਨ ਮਿਲਦਾ ਹੈ।

ਆਓ ਅਰਦਾਸ ਕਰੀਏ ਕਿ ਐ ਪ੍ਰਭੂ ਸਾਨੂੰ ਬਲ ਬਖਸ਼ ਅਸੀ ਸ਼ਬਦ-ਗੁਰੂ ਦੇ ਲੜ ਲੱਗ ਸਕੀਏ। ਗੁਰੂ ਹੁਕਮਾਂ ਨੂੰ ਸਮਝ ਸਕੀਏ। ਤੇਰੀ ਕਿਰਪਾ ਹੀ ਉਨ੍ਹਾਂ ਹੁਕਮਾਂ ਤੇ ਚਲਣ ਵਿੱਚ ਮਦਦ ਕਰ ਸਕਦੀ ਹੈ। ਅਸੀ ਤਾਂ ਦੁਨਿਆਵੀ ਰੰਗਾਂ ਵਿਚ ਵਿਅਸਤ ਹੋ ਕੇ ਮਾਇਆ ਦੀ ਚਕਾਚੌਂਧ ਵਿੱਚ ਭਟਕੇ ਹੋਏ ਹਾਂ। ਸ਼ਬਦ ਦੀ ਚੋਟ ਹੀ ਸਾਡੇ ਅੰਦਰਲੇ ਸੁੱਤੇ ਸਿੰਘ ਨੂੰ ਜਗਾ ਸਕੇਗੀ। ਗੁਰੂ ਮਿਹਰ ਕਰੇ. ਲੇਖ ਲਿਖਦੇ ਸਮੇਂ ਹੋਈਆਂ ਭੁੱਲਾਂ ਮੁਆਫ਼ ਕਰਨੀਆਂ ...



ਜਸਵਿੰਦਰ ਸਿੰਘ ਰੁਪਾਲ
9814715796

# ਡਾ. ਅੰਬੇਡਕਰ ਜੈਅੰਤੀ ਮੌਕੇ ਬਾਬਾ ਸਾਹਿਬ ਨੂੰ ਯਾਦ ਕਰਦਿਆਂ



ਡਾ: ਅੰਬੇਡਕਰ ਦਲਿਤਾਂ ਅਤੇ ਔਰਤਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਹਨ।ਉਹਨਾਂ ਦਾ ਜਨਮ 14 ਅਪ੍ਰੈਲ 1891 ਨੂੰ ਕਸਬਾ ਮਹੂ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਪਿਤਾ ਰਾਮ ਜੀ ਦੇ ਘਰ ਮਾਤਾ ਭੀਮਾਬਾਈ ਦੀ ਕੁੱਖੋ ਹੋਇਆ।ਡਾ:ਅੰਬੇਡਕਰ ਰਾਮਜੀ ਦੀ ਚੌਦਵੀਂ ਸੰਤਾਨ ਸੀ। ਉਹ ਮਹਾਰ ਜਾਤੀ ਨਾਲ਼ ਸੰਬੰਧਤ ਸਨ ਜਿਹੜੀ ਕਿ ਨੀਚ ਜਾਤੀ ਮੰਨੀ ਜਾਂਦੀ ਸੀ। ਉਹਨਾਂ ਸਮਿਆਂ ਦੌਰਾਨ ਦਲਿਤਾਂ ਨੂੰ ਧਾਰਮਿਕ ਪੂਜਾ, ਸ਼ਸਤਰ ਅਤੇ ਵਿੱਦਿਅਕ ਸਿੱਖਿਆ ਪ੍ਰਾਪਤ ਕਰਨ 'ਤੇ ਪੂਰਨ ਪਾਬੰਦੀ ਸੀ। ਦਲਿਤਾਂ ਦਾ ਮੁੱਖ ਕੰਮ ਸਿਰਫ਼ ਤੇ ਸਿਰਫ਼ ਬ੍ਰਾਹਮਣ, ਕਸ਼ੱਤਰੀ ਅਤੇ ਵੈਸ਼ ਦੀ ਸੇਵਾ ਕਰਨਾ ਹੀ ਸੀ। ਆਪ ਜੀ ਦੇ ਪਿਤਾ ਅਤੇ ਦਾਦਾ ਸਾਹਿਬ ਬ੍ਰਿਟਿਸ਼ ਆਰਮੀ ਵਿੱਚ ਨੌਕਰੀ ਕਰਦੇ ਸਨ। ਉਸ ਸਮੇਂ ਬ੍ਰਿਟਿਸ਼ ਆਰਮੀ ਦੇ ਨਿਯਮਾਂ ਅਨੁਸਾਰ ਸਿਪਾਹੀਆਂ ਦੇ ਬੱਚਿਆਂ ਦੀ ਪੜ੍ਹਾਈ ਲਈ ਆਰਮੀ ਵੱਲੋ ਸਪੈਸ਼ਲ ਸਕੂਲ ਖੋਲ੍ਹੇ ਗਏ ਸਨ, ਜਿਸ ਕਾਰਣ ਡਾ: ਅੰਬੇਡਕਰ ਲਈ ਵਿੱਦਿਆ ਪ੍ਰਾਪਤੀ ਦਾ ਰਾਹ ਖੁੱਲ੍ਹ ਗਿਆ। ਪਰ ਫਿਰ ਵੀ ਆਪਣੀ ਮੁੱਢਲੀ ਪੜ੍ਹਾਈ ਦੌਰਾਨ ਅਨੇਕਾਂ ਵਾਰ ਡਾ:ਅੰਬੇਡਕਰ ਨੂੰ ਜਾਤੀ ਘਿਰਣਾ ਦਾ ਸ਼ਿਕਾਰ ਹੋਣਾ ਪਿਆ। ਨੀਵੀਂ ਜਾਤ ਨਾਲ਼ ਸੰਬੰਧਤ ਹੋਣ ਕਰਕੇ ਸਕੂਲ ਦੇ ਅਧਿਆਪਕ ਉਸ ਨੂੰ ਕਲਾਸ ਰੂਮ ਦੇ ਕੋਨੇ ਵਿੱਚ ਬਿਠਾ ਦਿਆ ਕਰਦੇ ਸਨ ਅਤੇ ਉਸਦੀਆਂ ਕਾਪੀਆਂ, ਕਿਤਾਬਾਂ ਨੂੰ ਭਿੱਟੇ ਜਾਣ ਦੇ ਡਰੋਂ ਹੱਥ ਨਹੀਂ ਸੀ ਲਾਉਂਦੇ।

ਇੱਕ ਵਾਰ ਡਾ: ਅੰਬੇਡਕਰ ਨੂੰ ਸਕੂਲ ਤੋ ਘਰ ਵਾਪਸ ਆਉਂਦੇ ਸਮੇਂ ਬੜੀ ਪਿਆਸ ਲੱਗੀ ਅਤੇ ਰਸਤੇ ਵਿੱਚ ਪੈਂਦੇ ਖੂਹ ਤੋਂ ਉਹਨਾਂ ਨੇ ਪਾਣੀ ਪੀ ਲਿਆ। ਇਸ ਦੌਰਾਨ ਪਾਣੀ ਪੀਂਦੇ ਨੂੰ ਕਿਸੇ ਵਿਅਕਤੀ ਨੇ ਦੇਖ ਲਿਆ। ਉਸ ਵਿਅਕਤੀ ਨੇ ਉਚ ਜਾਤੀ ਦੇ ਲੋਕ ਇਕੱਠੇ ਕਰ ਕੇ ਅੰਬੇਡਕਰ ਦੀ ਬਹੁਤ ਪਿਟਾਈ ਕੀਤੀ ਅਤੇ ਨਾਲ਼ ਹੀ ਉਸ ਦੇ ਵਾਲ਼ ਕੱਟਣ ਲਈ ਮੱਝਾਂ ਦੇ ਵਾਲ ਕੱਟਣ ਵਾਲ਼ਾ ਨਾਈ ਸੱਦਿਆ।ਪਰ ਉਸ ਨਾਈ ਨੇ ਵੀ ਭਿੱਟੇ ਜਾਣ ਦੇ ਡਰੋਂ ਵਾਲ ਕੱਟਣ ਤੋਂ ਮਨ੍ਹਾਂ ਕਰ ਦਿੱਤਾ ਸੀ। ਡਾ: ਅੰਬੇਡਕਰ ਨੇ ਆਪਣੀ ਜ਼ਲਾਲਤ ਭਰੀ ਜ਼ਿੰਦਗੀ ਦੌਰਾਨ ਜੋ ਸੰਤਾਪ ਆਪਣੇ ਪਿੰਡੇ 'ਤੇ ਹੰਢਾਇਆ, ਉਸ ਦੇ ਸਿੱਟੇ ਵਜੋਂ ਹਿੰਦੂ ਵਿਵਸਥਾ ਖ਼ਿਲਾਫ਼ ਡਾ: ਅੰਬੇਡਕਰ ਦੇ ਮਨ ਵਿੱਚ ਘਿਰਣਾ ਪੈਦਾ ਹੋ ਗਈ। ਸੰਨ 1908 ਵਿੱਚ ਡਾ: ਅੰਬੇਡਕਰ ਨੇ ਮੁੰਬਈ ਯੂਨੀਵਰਸਿਟੀ ਤੋਂ ਮੈਟ੍ਰਿਕ ਤੱਕ ਦੀ ਪੜ੍ਹਾਈ ਕੀਤੀ। ਮੁੰਬਈ ਯੂਨੀਵਰਸਿਟੀ ਤੋਂ ਹੀ ਉਹਨਾਂ ਨੇ ਰਾਜਨੀਤੀ ਸ਼ਾਸਤਰ ਅਤੇ ਅਰਥ ਸ਼ਾਸਤਰ ਵਿੱਚ ਡਿਗਰੀ ਪ੍ਰਾਪਤ ਕੀਤੀ। ਸੰਨ 1913 ਵਿੱਚ ਡਾ: ਅੰਬੇਡਕਰ ਦੇ ਪਿਤਾ ਦੀ ਮੌਤ ਹੋ ਗਈ। ਇਸੇ ਸਾਲ ਹੀ ਮਹਾਰਾਜਾ ਬੜੌਦਾ ਸ਼ੀਆ ਜੀ ਰਾਓ ਗਾਇਕਵਾੜ ਨੇ ਡਾ: ਅੰਬੇਡਕਰ ਨੂੰ ਉੱਚੀ ਪੜ੍ਹਾਈ ਲਈ ਸਕਾਲਰਸ਼ਿਪ ਦੇ ਕੇ ਅਮਰੀਕਾ ਪੜ੍ਹਨ ਲਈ ਭੇਜਿਆ। 13 ਜੁਲਾਈ 1913 ਨੂੰ ਡਾ: ਅੰਬੇਡਕਰ ਨਿਊਯਾਰਕ ਚਲੇ ਗਏ ਅਤੇ ਕੋਲੰਬੀਆ ਯੂਨੀਵਰਸਿਟੀ ਤੋਂ ਮਾਸਟਰ ਆਫ ਆਰਟਸ ਅਤੇ ਫਿਲਾਸਫੀ ਡਾਕਟ੍ਰੇਟ ਦੀ ਡਿਗਰੀ ਪ੍ਰਾਪਤ ਕੀਤੀ। ਨਵੰਬਰ 1917 ਵਿੱਚ ਮਹਾਰਾਜਾ ਬੜੌਦਾ ਵੱਲੋ ਵਾਪਸ ਬੁਲਾ ਲੈਣ ਕਾਰਣ ਡਾ: ਅੰਬੇਡਕਰ ਦੀ ਸ਼ਕਾਲਰਸ਼ਿਪ ਰੱਦ ਕਰ ਦਿੱਤੀ ਗਈ ਅਤੇ ਉਹਨਾਂ ਨੂੰ ਆਪਣੀ ਪੜ੍ਹਾਈ ਵਿਚਕਾਰ ਛੱਡ ਕੇ ਵਾਪਸ ਮੁੰਬਈ ਆਉਣਾ ਪਿਆ। ਡਾ: ਅੰਬੇਡਕਰ ਨੂੰ ਮਹਾਰਾਜਾ ਬੜੌਦਾ ਨੇ ਆਪਣਾ ਰਾਜਸੀ ਸਕੱਤਰ ਨਿਯੁਕਤ ਕਰ ਲਿਆ। ਪ੍ਰੰਤੂ ਡਾ: ਅੰਬੇਡਕਰ ਜ਼ਿਆਦਾ ਸਮੇਂ ਤੱਕ ਇਸ ਅਹੁਦੇ 'ਤੇ ਕੰਮ ਨਹੀਂ ਕਰ ਸਕੇ ਕਿਉਂਕਿ ਮਹਾਰਾਜਾ ਦੇ ਰਾਜਸੀ ਸਕੱਤਰ ਹੋਣ ਦੇ ਬਾਵਜੂਦ ਉੱਚ ਜਾਤੀ ਦੇ ਹੇਠਲੇ ਕਰਮਚਾਰੀ ਵੀ ਉਹਨਾਂ ਦੇ ਹੁਕਮਾਂ ਦੀ ਪ੍ਰਵਾਹ ਨਹੀਂ ਕਰਦੇ ਸਨ। ਇਸ ਪਿੱਛੋਂ ਆਪ ਸ਼ਾਹੂ ਜੀ ਮਹਾਰਾਜ ਕੋਹਲਾਪੁਰ ਦੇ ਸੰਪਰਕ ਵਿੱਚ ਆ ਗਏ, ਜੋ ਕਿ ਦਲਿਤ ਲੋਕਾਂ ਦੇ ਹੱਕਾਂ ਲਈ ਸੰਘਰਸ਼ ਲਈ ਯਤਨਸ਼ੀਲ ਸਨ। ਡਾ: ਅੰਬੇਡਕਰ ਨੇ ਸ਼ਾਹੂ ਜੀ ਮਹਾਰਾਜ ਦੀ ਮਦਦ ਨਾਲ਼ 31 ਜਨਵਰੀ 1920 ਵਿੱਚ 'ਮੂਕਨਾਇਕ' ਨਾਂਅ ਦਾ ਅਖ਼ਬਾਰ ਸ਼ੁਰੂ ਕੀਤਾ ਅਤੇ ਅੰਤਰਜਾਤੀ ਵੈਲਫੇਅਰ ਐਸੋਸੀਏਸ਼ਨ ਬਣਾ ਕੇ ਦਲਿਤਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕੀਤੀ। ਫੰਡ ਇਕੱਠਾ ਹੋਣ ਤੋ ਬਾਅਦ ਡਾ: ਅੰਬੇਡਕਰ ਨੇ ਲੰਦਨ ਤੋ ਉੱਚ ਵਿੱਦਿਆ ਪ੍ਰਾਪਤ ਕੀਤੀ, ਜਿੰਨ੍ਹਾਂ ਵਿੱਚ ਐਮ.ਏ., ਪੀ.ਐਚ.ਡੀ., ਡੀ.ਐਸ.ਸੀ., ਐਲ.ਐਲ.ਡੀ., ਡੀ.ਲਿਟ., ਬਾਰ ਐਟ ਲਾਅ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ, ਸੰਨ 1924 ਨੂੰ ਡਾ: ਅੰਬੇਡਕਰ ਲੰਦਨ ਤੋਂ ਪੜ੍ਹਾਈ ਪੂਰੀ ਕਰ ਕੇ ਭਾਰਤ ਆ ਗਏ। 1927 ਵਿੱਚ ਚੁਦਾਰ ਝੀਲ ਤੋ ਪਾਣੀ ਲੈਣ ਲਈ ਸੰਘਰਸ਼ ਕੀਤਾ। 1932 ਵਿੱਚ ਵਿੱਦਿਆ ਪ੍ਰਾਪਤੀ ਦਾ ਹੱਕ ਲੈ ਕੇ ਦਿੱਤਾ। ਸਮਤਾ ਸੈਨਿਕ ਦਲ, ਇੰਡੀਪੈਂਡੈਂਟ ਲੇਬਰ ਪਾਰਟੀ, ਬੁੱਧਿਸਟ ਸੁਸਾਇਟੀ ਆਫ਼ ਇੰਡੀਆ ਦੇ ਜ਼ਰੀਏ ਡਾ: ਅੰਬੇਡਕਰ ਨੇ ਦਲਿਤ ਸੰਘਰਸ਼ ਨੂੰ ਸੰਗਠਤ ਕਰਨ ਲਈ ਬੇਹੱਦ ਕੋਸ਼ਿਸ਼ਾਂ ਕੀਤੀਆਂ। ਦੇਸ਼ ਦੀ ਅਜ਼ਾਦੀ ਸਮੇਂ ਉਹ ਸੰਵਿਧਾਨ ਦੀ ਖਰੜਾ ਕਮੇਟੀ ਦੇ ਚੇਅਰਮੈਨ ਚੁਣੇ ਗਏ ਅਤੇ ਸੰਵਿਧਾਨ ਘੜਨ ਵਿੱਚ ਡਾ: ਅੰਬੇਡਕਰ ਨੇ ਦਲਿਤਾਂ ਲਈ ਕਾਨੂੰਨੀ ਤੌਰ 'ਤੇ ਵਿਸ਼ੇਸ਼ ਰਿਆਇਤਾਂ ਦਾ ਪ੍ਰਬੰਧ ਕੀਤਾ। ਅਜ਼ਾਦੀ ਤੋ ਬਾਅਦ ਉਹ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। 6 ਦਸੰਬਰ 1956 ਨੂੰ ਦਿੱਲੀ ਵਿਖੇ ਡਾ: ਅੰਬੇਡਕਰ ਦੀ ਸ਼ੱਕੀ ਹਾਲਤਾਂ ਵਿੱਚ ਮੌਤ ਹੋ ਗਈ। ਪਰ ਉਸ ਦੀ ਮੌਤ ਦੇ ਕਾਰਣਾਂ ਦਾ ਪਤਾ ਨਾ ਲੱਗ ਸਕਿਆ। ਅਸਲ ਵਿੱਚ ਭਾਰਤੀ ਸਮਾਜ ਖ਼ਾਸ ਤੌਰ 'ਤੇ ਦਲਿਤ ਵਰਗ ਅਤੇ ਭਾਰਤੀ ਔਰਤ ਵਰਗ ਡਾ: ਅੰਬੇਡਕਰ ਦੀ ਦੇਣ ਦਾ ਮੁੱਲ ਕਦੇ ਨਹੀਂ ਮੋੜ ਸਕਦੇ, ਕਿਉਂਕਿ ਗੁਲਾਮੀ ਦਾ ਜੂਲ਼ਾ ਗਲ਼ਾਂ ਵਿੱਚੋ ਲਾਹੁਣ ਵਿੱਚ ਡਾ: ਅੰਬੇਡਕਰ ਨੇ ਮੋਹਰੀ ਭੂਮਿਕਾ ਨਿਭਾਈ ਹੈ।



ਕੁਲਵੰਤ ਸਿੰਘ ਟਿੱਬਾ
92179-71379




*ਚਾਚਾ ਘਰੇ ਹੀ ਹੈ। *ਨੰਦੂ ਬਾਹਰੋ ਦਰਵਾਜ਼ੇ ਤੋ ਹੀ ਨਿਰਮਲ ਸਿੰਘ ਨੂੰ ਅਵਾਜ਼ ਮਾਰਦਾ ਹੋਇਆ ਅੰਦਰ ਆਉਦਾਹੈ।

*ਹਾਂ ਨੰਦੂ ਘਰੇ ਹੀ ਹਾਂ ਲੰਘਿਆ ਲੰਘਿਆ। ਹੋਰ ਸੁਣਾ ਕਿਵੇਂ ਇੰਨੀਆਂ ਸ਼ਾਮਾਂ ਨੂੰ ਆਇਆਂ ਸੁੱਖ ਹੈ।*

*ਸੁੱਖ ਹੀ ਤਾਂ ਨਹੀ ਹੈ ਤਾਹੀਉ ਤਾਂ ਆਇਆ ਹਾਂ। ਤੂੰ ਮੈਨੂੰ ਜਲਦੀ ਨਾਲ ਦੱਸ ਰਾਜਾ ਘਰੇ ਹੀ ਹੈ।*

*ਰਾਜਾ...... ਰਾਜਾ ਤਾਂ ਘਰੇ ਹੀ ਹੈ ਪਰ.......!*

*ਸ਼ੁਕਰ ਹੈ ਵਾਹਿਗੁਰੂ ਜੀ ਦਾ ਫੇਰ ਤਾਂ ਬਣ ਗਿਆ ਕੰਮ। ਤੂੰ ਜਲਦੀ ਨਾਲ ਰਾਜੇ ਨੂੰ ਬੁਲਾ ਤੇ ਮੇਰੇ ਨਾਲ ਹਸਪਤਾਲ ਭੇਜ। *

*ਉਏ.... ਉਏ ਕੀ ਬੁਝਾਰਤਾਂ ਪਾਈ ਜਾਣਾ ਹੈ ਮੇਰੇ ਇੱਕ ਵੀ ਸਮਝ ਨਹੀ ਆ ਰਹੀ। *ਇੰਨੇ ਨੂੰ ਉਹਨਾਂ ਦੀਆਂ ਗੱਲਾਂ ਸੁਣ ਕੇ ਰਾਜਾ ਵੀ ਬਾਹਰ ਆ ਜਾਂਦਾ ਹੈ।

* ਰਾਜਿਆਂ ਤੇਰਾ ਖ਼ੂਨ ਦਾ ਉ ਨੈਗੇਟਿਵ ਗਰੁੱਪ ਹੀ ਹੈ ਨਾ।*

*ਹਾਂ ਬਾਈ ਉ ਨੈਗੇਟਿਵ ਹੀ ਹੈ।*

*ਤੂੰ ਚੱਲ ਜਲਦੀ ਮੇਰੇ ਨਾਲ ਹਸਪਤਾਲ ਚੱਲ ਤੇਰੇ ਗਰੁੱਪ ਦੇ ਖ਼ੂਨ ਦੀ ਇੱਕ ਮਰੀਜ਼ ਨੂੰ ਲੋੜ ਹੈ। ਜਲਦੀ ਚੱਲ ਯਾਰ ਕਿਤੇ ਦੇਰ ਨਾ ਹੋ ਜਾਵੇ।*

*ਲੈ ਕਰ ਲਵੋ ਘਿਉ ਨੂੰ ਭਾਂਡਾ, ਨੰਦੂ ਤੂੰ ਪਾਗਲ ਤਾਂ ਨਹੀ ਹੋ ਗਿਆ। ਮੇਰਾ ਰਾਜਾ ਐਵੇਂ ਹੀ ਐਰੇ ਗੈਰੇ ਨੂੰ ਖ਼ੂਨ ਕਿਉ ਦਿੰਦਾ ਫਿਰੇ ਬਈ। ਸਾਨੂੰ ਤਾਂ ਤੂੰ ਮੁਆਫ਼ ਹੀ ਕਰ ਕਿਸੇ ਹੋਰ ਨੂੰ ਲੱਭ ਲੈ। ਮੇਰੇ ਰਾਜੇ ਨੇ ਨਹੀ ਜਾਣਾ। *

* ਚਾਚਾ ਲੱਭ ਲੈਂਦਾ ਜੇ ਕੋਈ ਹੋਰ ਪੂਰੇ ਪਿੰਡ ਵਿੱਚੋ ਇਸ ਗਰੁੱਪ ਦਾ ਹੁੰਦਾ ਤਾਂ। ਰਾਜੇ ਤੈਨੂੰ ਰੱਬ ਦਾ ਵਾਸਤਾ ਹੈ ਯਾਰ ਤੂੰ ਮੇਰੇ ਨਾਲ ਚੱਲ ਨਹੀ ਤਾਂ ਗਰੀਬ ਦੀ ਖ਼ੂਨ ਨਾ ਮਿਲਣ ਕਰਕੇ ਮੌਤ ਹੋ ਜਾਣੀ ਹੈ।*

*ਯਾਰ ਸਾਰਿਆਂ ਦੀਆਂ ਜ਼ਿੰਦਗੀਆਂ ਬਚਾਉਣ ਦਾ ਹੁਣ ਅਸੀ ਠੇਕਾ ਤਾਂ ਨਹੀ ਲਿਆ। *ਨਿਰਮਲ ਖਿੱਝ ਕੇ ਬੋਲਦਾ ਹੈ।

*ਸਹੀ ਆਖ ਰਹੇ ਹੋ ਤੁਸੀ ਚਾਚਾ ਜੀ ਤੁਸੀ ਸਾਰਿਆਂ ਦੀਆਂ ਜ਼ਿੰਦਗੀਆਂ ਬਚਾਉਣ ਦਾ ਠੇਕਾ ਥੋੜ੍ਹਾ ਲਿਆ ਪਰ ਮੁਆਫ਼ ਕਰਨਾ ਜੇਕਰ ਰੱਬ ਨਾ ਕਰੇ ਕੱਲ੍ਹ ਉਸ ਮੁੰਡੇ ਦੀ ਥਾਂ ਤੇ ਆਪਣਾ ਰਾਜਾ ਹੁੰਦਾ ਤੇ ਉਸਦਾ ਪਿਉ ਵੀ ਇਹ ਹੀ ਜਵਾਬ ਦਿੰਦਾ ਤਾਂ ਤੁਹਾਡੇ ਦਿਲ ਉੱਤੇ ਕੀ ਬੀਤਦੀ ਉਹ ਤੁਸੀ ਹੀ ਜਾਣ ਸਕਦੇ ਹੋ। ਚਲੋ ਕੋਈ ਨਾ ਰਾਜੇ ਤੇਰੀ ਮਰਜ਼ੀ ਬਾਕੀ ਜੇਕਰ ਉਸਦੀ ਕਿਸਮਤ ਵਿੱਚ ਇੰਝ ਹੀ ਵਿਛੋੜਾ ਦੇਣਾ ਲਿਖਿਆ ਹੈ ਤਾਂ ਇੰਝ ਹੀ ਸਹੀ ਪਰ ਜੇ ਉਸਨੂੰ ਕੁਝ ਹੋ ਗਿਆ ਨਾ ਤਾਂ ਮੁਆਫ਼ ਤੂੰ ਆਪਣੇ ਆਪ ਨੂੰ ਵੀ ਨਹੀ ਕਰ ਸਕੇਗਾ। ਵੇਖ ਤੂੰ ਕਿੰਨਾ ਕਿਸਮਤ ਵਾਲਾ ਹੈ ਕਿ ਰੱਬ ਨੇ ਤੈਨੂੰ ਜਿੰਦਗੀ ਬਚਾਉਣ ਦਾ ਮੌਕਾ ਦਿੱਤਾ ਹੈ........ ਚੱਲ ਛੱਡ.... ਮੈਂ ਕਰਦਾ ਹਾਂ ਕੁਝ। *ਆਖ ਕੇ ਨੰਦੂ ਜਾਣ ਹੀ ਲੱਗਦਾ ਹੈ।

* ਇੱਕ ਮਿੰਟ ਨੰਦੂ ਰਾਜਾ ਇਕੱਲਾ ਨਹੀ ਮੈਂ ਵੀ ਚੱਲਦਾ ਹਾਂ ਤੁਹਾਡੇ ਨਾਲ ਮੇਰਾ ਵੀ ਖ਼ੂਨ ਦਾ ਗਰੁੱਪ ਉ ਨੈਗੇਟਿਵ ਹੀ ਹੈ। ਤੂੰ..... ਤੂੰ ਅੱਜ ਸਾਡੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ। *ਦੋਵੇਂ ਪਿਉ-ਪੁੱਤ ਨੰਦੂ ਨਾਲ ਹਸਪਤਾਲ ਵੱਲ ਚੱਲ ਪੈਂਦੇ ਹਨ।

ਸਾਥੀਉ ਖ਼ੂਨ ਦਾ ਦਾਨ ਸਭ ਤੋ ਉੱਤਮ ਦਾਨ ਹੈ। ਖ਼ੂਨ ਦਾਨ ਦੇਣ ਤੋ ਬਾਅਦ ਕਿਸੇ ਨੂੰ ਵੀ ਕਿਸੇ ਕਿਸਮ ਦੀ ਕੋਈ ਵੀ ਕਮਜ਼ੋਰੀ ਨਹੀ ਆਉਂਦੀ ਬਲਕਿ ਤੁਹਾਡੇ ਦੁਆਰਾ ਦਿੱਤਾ ਗਿਆ ਖ਼ੂਨ ਕਿਸੇ ਦੀ ਅਨਮੋਲ ਜਿੰਦਗੀ ਬਚਾ ਜਰੂਰ ਸਕਦਾ ਹੈ। ਤੁਹਾਡਾ ਦਿੱਤਾ ਖ਼ੂਨ ਕੁਦਰਤੀ ਤੌਰ ਤੇ ਹੀ ਕੁਝ ਹਫਤਿਆਂ ਬਾਅਦ ਪੂਰਾ ਹੋ ਜਾਂਦਾ ਹੈ। ਇਸ ਲਈ ਸਾਨੂੰ ਹਰ ਇੱਕ ਨੂੰ ਇਸ ਮਹਾਨ ਜੱਗ ਵਿੱਚ ਆਪਣਾ ਖ਼ੂਨ ਦੇ ਕੇ ਆਹੂਤੀ ਜਰੂਰ ਪਾਉਣੀ ਚਾਹੀਦੀ ਹੈ।

ਧੰਨਵਾਦ ਸਹਿਤ
ਸੰਦੀਪ ਦਿਉੜਾ
8437556667

# ਰੰਗੀਲਾ ਅਫਸਰ ਅਤੇ ਇਲਾਕੇ ਦੀ ਚੌਂਕੀਦਾਰੀ !



ਕਈ ਸਾਲ ਪਹਿਲਾਂ ਪਟਿਆਲਾ ਰੇਂਜ਼ ਦੇ ਕਿਸੇ ਜਿਲ੍ਹੇ ਦਾ ਕਪਤਾਨ ਬਹੁਤ ਹੀ ਰੰਗੀਨ ਅਤੇ ਸ਼ੌਕੀਨ ਤਬੀਅਤ ਦਾ ਇਨਸਾਨ ਸੀ। ਉਸ ਦੀ ਕਿਸੇ ਨਾ ਕਿਸੇ ਕਾਰਵਾਈ ਦੀ ਚੁੰਝ ਚਰਚਾ ਪੁਲਿਸ ਅਤੇ ਆਮ ਲੋਕਾਂ ਵਿੱਚ ਚੱਲਦੀ ਹੀ ਰਹਿੰਦੀ ਸੀ। ਉਸ ਨੂੰ ਦਰਖਾਸਤ ਆਦਿ ਦੇਣ ਵਾਸਤੇ ਜੇ ਕੋਈ ਆਦਮੀ ਜਾਂ ਸਧਾਰਨ ਜਿਹੀ ਔਰਤ ਆ ਜਾਂਦੀ ਸੀ ਤਾਂ ਦੋ ਮਿੰਟਾਂ ਵਿੱਚ ਹੀ ਫਾਰਗ ਕਰ ਦੇਂਦਾ, ਪਰ ਜੇ ਕੋਈ ਅੱਪ ਟੂ ਡੇਟ ਚਟਕ ਜਿਹੀ ਖੂਬਸੂਰਤ ਬੀਬੀ ਆ ਜਾਂਦੀ ਤਾਂ ਚਾਹ ਪਿਆਏ ਬਗੈਰ ਨਹੀਂ ਸੀ ਜਾਣ ਦੇਂਦਾ। ਉਸ ਦੀਆਂ ਪੁਲਿਸ ਅਤੇ ਸਿਵਲ, ਵੱਡੀ ਗਿਣਤੀ ਵਿੱਚ ਗਰਲ ਫਰੈਂਡਾਂ ਹੋਣ ਬਾਰੇ ਰੌਲਾ ਗੌਲਾ ਆਮ ਹੀ ਸੀ। ਇਸ ਕਾਰਨ ਕਈ ਪੁਲਿਸ ਮੁਲਾਜ਼ਮਾਂ ਤਾਂ ਐਨੀਆਂ ਬੇਖੌਫ ਅਤੇ ਮੂੰਹ ਜ਼ੋਰ ਹੋ ਗਈਆਂ ਸਨ ਕਿ ਪੁਲਿਸ ਲਾਈਨ ਅਤੇ ਥਾਣਿਆਂ ਦੇ ਮੁੰਸ਼ੀਆਂ ਦੀ ਹਿੰਮਤ ਨਹੀਂ ਸੀ ਪੈਂਦੀ ਕਿ ਉਨ੍ਹਾਂ ਦੀ ਕਿਤੇ ਡਿਊਟੀ ਲਗਾ ਸਕਣ। ਸ਼ਰੇਆਮ ਕਪਤਾਨ ਦਾ ਨਾਮ ਲੈ ਕੇ ਧਮਕੀ ਦੇ ਦਿੰਦੀਆਂ ਸਨ ਕਿ ਤੂੰ ਸਸਪੈਂਡ ਤਾਂ ਨਹੀਂ ਹੋਣਾ। ਦ ਾ ਵਿਚਾਰੇ ਮੁੰਸ਼ੀ ਖੂਨ ਘੁੱਟ ਪੀ ਕੇ ਰਹਿ ਜਾਂਦੇ ਸਨ ਤੇ ਮਨ ਹੀ ਮਨ ਸੋਚਦੇ ਸਨ ਕਿ ਇਸ ਕਪਤਾਨ ਦੀ ਬਦਲੀ ਹੋ ਲੈਣ ਦੇ, ਫਿਰ ਤੈਨੂੰ ਦੱਸਾਂਗਾ ਕਿ ਡਿਊਟੀ ਕਿਵੇਂ ਕਰੀਦੀ ਹੈ। ਉਹ ਆਪਣੇ ਸ਼ੌਂਕ ਦੀ ਪੂਰਤੀ ਲਈ ਖਤਰਾ ਉਠਾਉਣ ਤੋਂ ਵੀ ਗੁਰੇਜ਼ ਨਹੀਂ ਸੀ ਕਰਦਾ। ਉਸ ਦਾ ਇੱਕ ਤਲਾਕਸ਼ੁਦਾ ਪੁਲਿਸ ਮੁਲਾਜ਼ਮ ਨਾਲ ਐਨਾ ਪ੍ਰੇਮ ਪੈ ਗਿਆ ਕਿ ਉਸ ਦੀ ਜਿਆਦਾ ਖਾਤਰ ਆਪਣੇ ਰੁਤਬੇ ਅਤੇ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾਉਣ ਤੱਕ ਚਲਾ ਗਿਆ। ਉਸ ਨੇ ਦੇਰ ਰਾਤ ਨੂੰ ਆਪਣੀ ਕਾਲੇ ਸ਼ੀਸ਼ੀਆਂ ਵਾਲੀ ਪ੍ਰਾਈਵੇਟ ਗੱਡੀ ਕੱਢਣੀ ਤੇ ਬਿਨਾਂ ਕਿਸੇ ਗੰਨਮੈਨ ਦੇ ਖੁਦ ਹੀ ਗੱਡੀ ਚਲਾ ਕੇ ਉਸ ਦੇ ਘਰ ਪਹੁੰਚ ਜਾਣਾ। ਹੁਣ ਐਨੇ ਵੱਡੇ ਰੈਂਕ ਦੇ ਅਫਸਰ ਦੀਆਂ ਅਜਿਹੀਆਂ ਗੱਲਾਂ ਕਿੱਥੇ ਛਿਪਦੀਆਂ ਹਨ, ਹੌਲੀ ਹੌਲੀ ਮੁਹੱਲੇ ਵਿੱਚ ਖੁਸਰ ਫੁਸਰ ਸ਼ੁਰੂ ਹੋ ਗਈ। ਕਪਤਾਨ ਦੀ ਮਾੜੀ ਕਿਸਮਤ ਕਿ ਉਨ੍ਹਾਂ ਦਿਨਾਂ ਵਿੱਚ ਹੀ ਜ਼ਿਲ੍ਹੇ ਵਿੱਚ ਚੋਰੀ ਅਤੇ ਲੁੱਟ ਖੋਹ ਦੀਆਂ ਤਾਬੜਤੋੜ ਵਾਰਦਾਤਾਂ ਹੋਣ ਲੱਗ ਪਈਆਂ। ਕਪਤਾਨ ਵੱਲੋਂ ਸਾਰੇ ਥਾਣਿਆਂ ਨੂੰ ਹੁਕਮ ਜਾਰੀ ਕਰ ਦਿੱਤਾ ਗਿਆ ਕਿ ਵੱਧ ਤੋਂ ਵੱਧ ਗਸ਼ਤ ਕੀਤੀ ਜਾਵੇ, ਪਿੰਡਾਂ ਵਿੱਚ ਠੀਕਰੀ ਪਹਿਰੇ ਲਗਾਏ ਜਾਣ ਤੇ ਸ਼ਹਿਰਾਂ ਵਿੱਚ ਚੌਂਕੀਦਾਰ ਰਖਵਾਏ ਜਾਣ।


ਜ਼ਿਲ੍ਹਾ ਹੈੱਡਕਵਾਟਰ ਵਾਲੇ ਸ਼ਹਿਰ ਦੇ ਐਸ.ਐਚ.ਉ. ਨੂੰ ਖਬਰ ਮਿਲੀ ਕਿ ਫਲਾਣੇ ਮੁਹੱਲੇ (ਜਿੱਥੇ ਕਪਤਾਨ ਦਾ ਆਉਣ ਜਾਣ ਸੀ) ਵਾਲੇ ਚੌਂਕੀਦਾਰ ਰੱਖਣ ਤੋਂ ਇਨਕਾਰ ਕਰ ਰਹੇ ਹਨ। ਐਸ.ਐਚ.ਉ. ਖੁਦ ਦਲ ਬਲ ਸਮੇਤ ਉਥੇ ਪਹੁੰਚਿਆ ਤੇ ਮੁਹੱਲੇ ਦੇ ਮੋਹਤਬਰਾਂ ਦੀ ਮੀਟਿੰਗ ਬੁਲਾ ਕੇ ਸਿਆਣਾ ਜਿਹਾ ਬਣ ਕੇ ਸਮਝਾਉਣ ਲੱਗਾ ਕਿ ਚੌਂਕੀਦਾਰ ਰੱਖਣਾ ਬਹੁਤ ਜਰੂਰੀ ਹੈ ਕਿਉਂਕਿ ਪੁਲਿਸ ਵਾਸਤੇ ਹਰ ਇਲਾਕੇ ਵਿੱਚ ਗਸ਼ਤ ਕਰਨੀ ਸੰਭਵ ਨਹੀਂ। ਜਿਸ ਇਲਾਕੇ ਵਿੱਚ ਚੌਂਕੀਦਾਰ ਰਾਤ ਨੂੰ ਡਾਂਗ ਖੜਕਾਉਂਦਾ ਹੋਇਆ ਘੁੰਮਦਾ ਹੈ, ਉਥੇ ਮਾੜੇ ਅਨਸਰ ਆਉਣ ਦੀ ਹਿੰਮਤ ਨਹੀਂ ਕਰ ਸਕਦੇ ਆਦਿ ਆਦਿ। ਮੀਟਿੰਗ ਵਿੱਚ ਕਾਨਾਫੂਸੀ ਹੋਣੀ ਸ਼ੁਰੂ ਹੋ ਗਈ ਪਰ ਕੋਈ ਖੁਲ੍ਹ ਕੇ ਬੋਲਣ ਲਈ ਤਿਆਰ ਨਾ ਹੋਇਆ। ਅਖੀਰ ਐਸ.ਐਚ.ਉ. ਨੇ ਮੁਹੱਲੇ ਦੇ ਮੂੰਹ ਫੱਟ ਪੱਤਰਕਾਰ ਕੌੜੇ (ਕਾਲਪਨਿਕ ਨਾਮ) ਨੂੰ ਕਿਹਾ ਕਿ ਤੂੰ ਹੀ ਕੁਝ ਦੱਸ ਦੇ, ਅਸਲ ਗੱਲ ਕੀ ਹੈ? ਕੌੜੇ ਨੇ ਆਸੇ ਪਾਸੇ ਵੇਖਿਆ ਤੇ ਲੋਕਾਂ ਨੂੰ ਮੂਕ ਸਹਿਮਤੀ ਵਿੱਚ ਸਿਰ ਹਿਲਾਉਂਦੇ ਵੇਖ ਕੇ ਕਿਹਾ, "ਇੰਸਪੈਕਟਰ ਸਾਹਿਬ, ਤੁਹਾਨੂੰ ਸ਼ਾਇਦ ਪਤਾ ਨਹੀਂ ਕਿ ਸਾਡਾ ਮੁਹੱਲਾ ਸ਼ਹਿਰ ਦਾ ਸਭ ਤੋਂ ਵੱਧ ਸੁਰੱਖਿਅਤ ਮੁਹੱਲਾ ਹੈ। ਇਥੇ ਰਾਤ ਦੀ ਗਸ਼ਤ ਕੋਈ ਛੋਟਾ ਮੋਟਾ ਪੁਲਿਸ ਮੁਲਾਜ਼ਮ ਨਹੀਂ, ਤੁਹਾਡਾ ਕਪਤਾਨ ਖੁਦ ਕਰਦਾ ਹੈ। ਉਹ ਦੋ ਚਾਰ ਦਿਨਾਂ ਬਾਅਦ 10 - 11 ਵਜੇ ਆਉਂਦਾ ਹੈ ਤੇ ਤੜਕੇ 2 - 3 ਵਜੇ ਜਾਂਦਾ ਹੈ। ਉਸ ਦੇ ਹੁੰਦਿਆਂ ਕਿਸੇ ਚੋਰ ਉਚੱਕੇ ਜਾਂ ਗੁੰਡੇ ਬਦਮਾਸ਼ ਦੀ ਕੀ ਹਿੰਮਤ ਕਿ ਉਹ ਸਾਡੇ ਮੁਹੱਲੇ ਵੱਲ ਮੂੰਹ ਕਰ ਵੀ ਸਕੇ।" ਇਹ ਸੁਣ ਕੇ ਐਸ.ਐਚ.ਉ. ਦੇ ਕੰਨਾਂ ਵਿੱਚ ਸ਼ਾਂ ਸ਼ਾਂ ਹੋਣ ਲੱਗ ਪਈ ਤੇ ਉਸ ਨੇ ਉਥੋਂ ਰਵਾਨਗੀ ਪਾਉਣ ਵਿੱਚ ਹੀ ਭਲਾਈ ਸਮਝੀ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ (ਰਿਟਾ.)
ਪੰਡੋਰੀ ਸਿੱਧਵਾਂ 9501100062

# ਰੁੱਖ - ਪਿਆਰੇ ਬੱਚਿਓ

ਰੁੱਖ /ਦਰੱਖ਼ਤ ਇੱਕ ਬੜੇ ਤਣੇ ਵਾਲਾ, ਟਾਹਣਿਆਂ ਅਤੇ ਟਾਹਣੀਆਂ ਨਾਲ ਭਰਿਆ,
ਦੇਖਣ ਨੂੰ ਹਰਿਆ ਭਰਿਆ ਕਿੰਨਾ ਸੁਹਾਵਣਾ ਲੱਗਦਾ,
ਰੁੱਖ ਸਾਨੂੰ ਕਿੰਨੇ ਦਿੰਦਾ ਸੁੱਖ, ਆਰਾਮ, ਟਾਹਣੀਆਂ ਨੂੰ ਲੱਗਣ ਹਰੇ ਹਰੇ ਭਰਪੂਰ ਪੱਤੇ,
ਜੋ ਹਰ ਇਨਸਾਨ ਨੂੰ ਦੇਣ ਠੰਢੀ ਠੰਡੀ ਛਾਂ ,
ਨਾਲ ਹੀ ਰੁੱਖਾਂ ਨੂੰ ਲੱਗਣ ਸੋਹਣੇ ਸੋਹਣੇ ਰੰਗ ਬਿਰੰਗੇ ਫੁੱਲ ,ਜੋ ਸਾਨੂੰ ਦੇਖਣ ਨੂੰ ਬੜੇ ਭਾਂਵਦੇ,
ਨਾਲ ਹੀ ਫੁੱਲ ਸਾਨੂੰ ਮਹਿਕਾਂ ਵੰਡਦੇ ਨਾ ਥੱਕਦੇ ,
ਨਾਲ ਹੀ ਰੁੱਖਾਂ ਨੂੰ ਲੱਗਣ ਸਿਹਤ ਲਈ ਫਾਇਦੇਮੰਦ ਤਰ੍ਹਾਂ ਤਰ੍ਹਾਂ ਦੇ ਫਲ , ਮੇਵੇ,
ਜਿਸ ਨੂੰ ਖਾਵਣ ਲਈ ਹਰ ਬੱਚੇ ਦਾ ਮਨ ਲਲਚਾਵੇ,
ਫਲ,ਮੇਵੇ ਸਾਨੂੰ ਦਿੰਦੇ ਸਿਹਤਮੰਦ ਜ਼ਿੰਦਗੀ ਜੇ ਨਿੱਤ ਸੇਵਨ ਕਰੀਏ ਫਲ,ਮੇਵੇ ਦਾ ਹਿਸਾਬ ਨਾਲ ,
ਰੁੱਖ ਵਾਤਾਵਰਨ ਵਿੱਚੋ ਕਾਰਬਨ ਡਾਈਆਕਸਾਈਡ ਗੈਸ ਸੋਖ ਵਾਤਾਵਰਣ ਨੂੰ ਕਰਣ ਸ਼ੁੱਧ,
ਰੁੱਖਾਂ ਤੋ ਬਿਨਾਂ ਜੀਵਨ ਜੀਓਣ ਲਈ ਹੋਵੇਗੀ ਆਕਸੀਜਨ ਦੀ ਕਮੀ
ਜੰਗਲੀ ਜਾਨਵਰ ਲਈ ਰੁੱਖ ਹੀ ਆਸਰਾ ਅਤੇ ਭੋਜਨ ਦੀ ਭਾਲ ਲਈ ਰੁੱਖਾਂ ਵੱਲ ਮੁੜਦੇ,
ਰੁੱਖਾਂ ਦੇ ਫਲ, ਮੇਵੇ, ਅਤੇ ਬੀਜ ਜਾਨਵਰਾਂ ਦਾ ਮੁੱਖ ਭੋਜਨ ਵੀ ਦੱਸਦੇ ,
ਕਦੀ ਨਾ ਰੁੱਖ ਕਿਸੇ ਨੂੰ ਮਾੜਾ ਦੇਣ, ਲੱਗਦੇ ਸਭ ਦੇ ਮੀਤ ਪਿਆਰੇ,
ਥੱਕਿਆ ਟੁੱਟਿਆ ਰਾਹੀ ਵੀ ਆ ਰੁੱਖਾਂ ਦੀ ਛਾਵੇਂ ਬਹਿੰਦਾ,
ਰੁੱਖ ਤਾਂ ਹੁੰਦੇ ਵਾਂਗੂੰ ਮਾਵਾਂ ,ਮਾਵਾਂ ਵਾਂਗੂੰ ਦਿੰਦੇ ਛਾਵਾਂ।
ਸੋ ਰੁੱਖਾਂ ਦੀ ਹਮੇਸ਼ਾ ਕਰੋ ਭਾਲ , ਇੱਕ ਬੂਟਾ ਜ਼ਰੂਰ ਲਗਾਓ ਆਪਣੇ ਹਰ ਜਨਮਦਿਨ ਤੇ ,
ਤਾਂ ਕੀ ਉਹ ਵੱਡਾ ਹੋ ਕੇ ਬਣੇ ਰੁੱਖ , ਸਭ ਨੂੰ ਦੇਵੇ ਆਕਸੀਜਨ, ਫਲ, ਮੇਵੇ ਅਤੇ ਠੰਡੀ ਛਾਂ।



ਸਾਹਿਬਾ ਜੀਟਨ ਕੌਰ ਬਾਂਸਲ
99883-47109

# ਗੀਤ *ਲੋਕ ਤੱਥ*

ਗੁਰੂ ਦੇ ਦਰ 'ਤੇ ਖਾਲੀ ਹੱਥ ਨਾ ਜਾਈਏ ਜੀ !
ਸਰਦੀ ਪੁੱਜਦੀ ਕੋਈ ਭੇਟਾ ਲੈ ਜਾਈਏ ਜੀ !
ਘਰ ਆਈ ਧੀ ਭੈਣ ਨੂੰ ਕਦੇ ਖਾਲੀ ਹੱਥ ਮੋੜੀਏ ਨਾ !
ਮੈਦਾਨ ਵਿਚ ਜੂਝਦੇ ਯੋਧੇ ਦਾ ਕਦੇ ਮਾਣ ਤੋੜੀਏ ਨਾ !...!!

ਪਿੰਡ ਦੀ ਕੁੜੀ ਨੂੰ ਧੀ ਭੈਣ ਜਿਹਾ ਸਤਿਕਾਰ ਦਿਉ !
ਵੱਡਿਆਂ ਦਾ ਮਾਣ ਕਰੋ ਛੋਟਿਆਂ ਨੂੰ ਪਿਆਰ ਦਿਉ !
ਹੱਥ ਫੜ੍ਕੇ ਸੱਜਣਾਂ ਦਾ ਵਿਚ ਵਿਚਾਲੇ ਛੋੜੀਏ ਨਾ !...!!

ਕੀਤੀ ਜ਼ੁਬਾਨ ' ਤੇ ਸਦਾ ਹੀ ਖ਼ਰੇ ਉੱਤਰੀਏ ਜੀ !
ਮਜ਼ਲੂਮ ਦੀ ਰੱਖਿਆ ਲਈ ਮੈਦਾਨ ਨਿੱਤਰੀਏ ਜੀ !
ਆਸ ਲਗਾ ਕੇ ਦਰ ਆਏ ਦਾ ਕਦੇ ਮਾਨ ਤੋੜੀਏ ਨਾ !...!!

ਭਰਾਵਾਂ ਨਾਲ ਦਗਾ ਕਮਾਉਣਾ ਚੰਗਾ ਨਹੀਂ ਹੁੰਦਾ !
ਪੱਗ ਵੱਟ ਯਾਰ ਨੂੰ ਪਿੱਠ ਵਿਖਾਉਣਾ ਚੰਗਾ ਨਹੀ ਹੁੰਦਾ !
ਯਾਰੀ ਨੂੰ ਤੋੜ ਨਿਭਾ ਕੇ ਮੇਹਣੇ 'ਤੇ ਗੱਲ ਛੋੜੀਏ ਨਾ !...!!

ਝੂਠੀ ਗੱਲ 'ਤੇ ਕਦੇ ਅਪਣਾ ਹੰਮਾ ਨਾ ਜਿਤਾਈਏ ਜੀ !
ਤੁਰੇ ਜਾਂਦਿਆਂ ਕਦੇ ਕੋਈ ਵੈਰ ਨਾ ਕਮਾਈਏ ਜੀ !
ਸੱਚੇ ਦੇ ਸਿਰ ਕਦੇ ਵੀ ਝੂਠੀ ਗੱਲ ਜੋੜੀਏ ਨਾ !...!!

ਸੱਚੀ ਸੁੱਚੀ ਕਿਰਤ ਕਰ ਪੇਟ ਪਾਲੀਏ ਜੀ !
ਹੱਕ ਮਾਰ ਕਿਸੇ ਦਾ ਵੱਡਾ ਨਾ ਬਣ ਖਾਈਏ ਜੀ !
ਦਰ 'ਤੇ ਆਏ ਭਿਖਾਰੀ ਨੂੰ ਕਦੇ ਖਾਲੀ ਮੋੜੀਏ ਨਾ !...!!

ਪਰ੍ਹੇ ਵਿਚ ਬੈਠਿਆਂ ਦੀ ਕਦੇ ਵੀ ਗੱਲ ਥੱਲੀਏ ਨਾ !
ਸਿਆਣਿਆਂ ਦੀ ਗੱਲ 'ਤੇ ਕਦੇ ਟੇਢਾ ਚੱਲੀਏ ਨਾ !
ਔਲੇ ਦੇ ਸੁਆਦ ਦਾ ਸੱਚ ਕਦੇ ਵੀ ਭੁੰਜੇ ਰੋੜੀਏ ਨਾ !...!!

ਖ਼ਰੀ ਗੱਲ ਤੇ ਸਦਾ ਗਵਾਹੀ ਪਾ ਦੇਈਏ ਜੀ !
ਝੂਠੇ ਪ੍ਰਾਣੀ ਦੇ ਕਦੇ ਵੀ ਨੇੜੇ ਨਾ ਬਈਏ ਜੀ !
ਸੱਚੀ ਗੱਲ ਨੂੰ ਕਹਿਣ ਲੱਗਿਆਂ ਜ਼ੁਬਾਨ ਹੋੜੀਏ ਨਾ !...!!

ਕੀਤੇ ਅਹਿਸਾਨ ਨੂੰ ਕਦੇ ਮਨੋ ਭੁਲਾਈਏ ਨਾ !
ਸਮਾਂ ਆਉਣ 'ਤੇ ਮੁੱਖ ਪਰੇ ਭੁਆਈਏ ਨਾ !
ਆਜ਼ਾਦ ਦੀਆਂ ਖ਼ਰੀਆਂ ਨੂੰ ਕਦੇ ਮਨੋ ਵਿਛੋੜੀਏ ਨਾ !...!!
ਘਰ ਆਈ ਧੀ ਭੈਣ ਨੂੰ ਕਦੇ ਖਾਲੀ ਹੱਥ ਮੋੜੀਏ ਨਾ !...!!



ਰਣਜੀਤ ਆਜ਼ਾਦ ਕਾਂਝਲਾ
ਮੋ.:09501977814

# ਚੋਣ–ਜੰਗ ਨੂੰ ਜਦੋਂ ਜੰਗ ਮੰਨ ਲਉ ਤਾਂ ਅਸੂਲਾਂ–ਨਿਯਮਾਂ ਬਾਰੇ ਸੋਚਣ ਦੀ ਲੋੜ ਨਹੀਂ ਰਹਿੰਦੀ- ਜਤਿੰਦਰ ਪਨੂੰ



ਚੋਣਾਂ ਨੂੰ ਆਮ ਬੋਲੀ ਵਿੱਚ ਅੱਜ ਦੇ ਯੁਗ ਦੀ ਸੱਤਾ–ਜੰਗ ਕਿਹਾ ਜਾਂਦਾ ਹੈ। ਇਹ ਸੱਚ ਵੀ ਹੈ। ਪੁਰਾਤਨ ਵਕਤਾਂ ਤੋਂ ਲੈ ਕੇ ਜਿੰਨੇ ਵੀ ਰਾਜੇ–ਮਹਾਰਾਜੇ ਹੋਏ ਹਨ, ਉਹ ਸਭ ਆਪਣੇ ਦੇਸ਼ ਜਾਂ ਰਾਜ ਦੇ ਤਖਤ ਉੱਤੇ ਕਬਜ਼ੇ ਲਈ ਜੰਗਾਂ ਲੜਦੇ ਹੁੰਦੇ ਸਨ। ਕਈ ਵਾਰ ਨਿੱਕੀ ਜਿਹੀ ਗੱਲ ਦਾ ਬਹਾਨਾ ਬਣਾ ਕੇ ਸੱਤਾ ਲਈ ਜੰਗ ਲੜੀ ਜਾਂਦੀ ਸੀ ਅਤੇ ਸੱਤਾ ਦੇ ਭੁੱਖੇ ਇੱਕ ਜਾਂ ਦੂਸਰੇ ਵਿਅਕਤੀ ਦੀ ਅਣਖ ਦਾ ਸਵਾਲ ਬਣੀ ਉਹ ਜੰਗ ਫਿਰ ਉਸ ਰਾਜ ਦੇ ਲੋਕਾਂ ਦੀ ਅਣਖ ਦਾ ਇਹੋ ਜਿਹਾ ਸਵਾਲ ਬਣਾਈ ਜਾਂਦੀ ਸੀ, ਜਿਸ ਵਿੱਚ ਮਰਦੇ ਆਮ ਲੋਕ ਸਨ ਅਤੇ ਰਾਜ ਕਰਨ ਦਾ ਮੌਕਾ ਜੰਗ ਦੀ ਚਿੰਗਾੜੀ ਬਾਲਣ ਵਾਲਾ ਰਾਜਾ ਜਾਂ ਉਸ ਦਾ ਵਿਰੋਧੀ ਕੋਈ ਸੱਤਾ ਦਾ ਭੁੱਖਾ ਲੈ ਜਾਂਦਾ ਸੀ। ਜਿੰਨਾ ਵੱਧ ਖੂਨ ਵਗ ਜਾਂਦਾ ਜਾਂ ਅਸਲ ਵਿੱਚ ਵਗਾਇਆ ਜਾਂਦਾ ਸੀ, ਉਂਨਾ ਵੱਧ ਉਸ ਰਾਜੇ ਦਾ ਰਾਜ ਪੱਕਾ ਹੋ ਜਾਂਦਾ ਸੀ ਅਤੇ ਕਈ ਵਾਰੀ ਉਹ ਰਾਜ ਇੰਨਾ ਪੱਕਾ ਹੋ ਜਾਂਦਾ ਸੀ ਕਿ ਅਗਲੀ ਪੀੜ੍ਹੀ ਨਹੀਂ, ਅਗਲੀਆਂ ਕਈ ਪੀੜ੍ਹੀਆਂ ਵੀ ਐਸ਼ ਦੀ ਜ਼ਿੰਦਗੀ ਜਿਊਂਦੀਆਂ ਤੇ ਲੋਕਾਂ ਦਾ ਖੂਨ ਪੀਂਦੀਆਂ ਸਨ। ਬਹੁਤ ਸਾਰੇ ਮਹਾਨ ਕਹੇ ਜਾਂਦੇ ਰਾਜਿਆਂ ਤੇ ਮਹਾਰਾਜਿਆਂ ਨੇ ਆਪਣੇ ਭਾਈਚਾਰੇ ਅਤੇ ਕਈ ਵਾਰੀ ਉਨ੍ਹਾਂ ਦੇ ਆਪਣੇ ਪਰਿਵਾਰ ਦੇ ਲੋਕਾਂ ਦਾ ਵੀ ਲਹੂ ਵਗਾ ਕੇ ਇੰਦਾਂ ਦਾ ਰਾਜ ਮਾਣਿਆ ਸੀ। ਲੋਕਤੰਤਰੀ ਜੰਗ ਵਿੱਚ ਵੀ ਇਹ ਕੁਝ ਹੋ ਸਕਦਾ ਹੈ।

ਅਸੀ ਇਹ ਗੱਲ ਰੱਦ ਨਹੀਂ ਕਰਦੇ ਕਿ ਹਰ ਰਾਜ–ਕਰਤਾ ਸਿਰਫ ਤੇ ਸਿਰਫ ਖੂਨ ਵਗਾ ਕੇ ਅੱਗੇ ਨਹੀਂ ਆਉਂਦਾ, ਕਈ ਵਾਰ ਕੁਝ ਆਗੂ ਆਪਣੀ ਹਰਮਨ–ਪਿਆਰਤਾ ਨਾਲ ਵੀ ਅੱਗੇ ਆਉਂਦੇ ਹਨ, ਪਰ ਬੀਤੇ ਦਾ ਤਜਰਬਾ ਜਿਹੜੀਆਂ ਮਿਸਾਲਾਂ ਸੰਭਾਲੀ ਬੈਠਾ ਹੈ, ਉਨ੍ਹਾਂ ਵਿੱਚ ਬੇਗਾਨਾ ਖੂਨ ਵਗਾ ਕੇ ਖੁਦ ਉਸ ਦਾ ਲਾਹਾ ਲੈਣ ਦੀਆਂ ਵੱਧ ਹਨ। ਲੋਕਤੰਤਰੀ ਦੌਰ ਵਿੱਚ ਵੀ ਇਹ ਦੋਵੇਂ ਤਰ੍ਹਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਅੱਜਕੱਲ੍ਹ ਭਾਰਤ ਹੋਵੇ ਜਾਂ ਅਮਰੀਕਾ, ਲੀਡਰਾਂ ਸਿਰ ਸੱਤਾ ਦਾ ਨਸ਼ਾ ਇੰਨੀ ਬੁਰੀ ਤਰ੍ਹਾਂ ਸਵਾਰ ਹੈ ਕਿ ਉਹ ਕਿਸੇ ਵੀ ਹੱਦ ਤਕ ਜਾਣ ਅਤੇ ਕੁਝ ਵੀ ਕਰ ਕੇ ਸੱਤਾ ਹਾਸਲ ਕਰਨ ਨੂੰ ਕਾਹਲੇ ਹਨ। ਭਾਰਤੀ ਪਾਰਲੀਮੈਂਟ ਚੋਣ ਵੀ ਦੇਸ਼ ਨੂੰ ਇਸੇ ਰਾਹੇ ਪਾ ਸਕਦੀ ਹੈ। ਇਸੇ ਕਰ ਕੇ ਆਮ ਜਨਤਾ ਦੇ ਮੂਲ ਮੁੱਦਿਆਂ ਦੀ ਥੋੜ੍ਹੀ ਜਿਹੀ ਚਰਚਾ ਅਤੇ ਉਹ ਵੀ ਬਹੁਤਾ ਕਰ ਕੇ ਗੁਮਰਾਹ ਕਰਨ ਵਾਲੀ ਹੁੰਦੀ ਹੈ ਤੇ ਬਹੁਤਾ ਕਰ ਕੇ ਉਨ੍ਹਾਂ ਨੂੰ ਦੂਸਰੇ ਭਾਈਚਾਰੇ ਜਾਂ ਦੂਸਰੀ ਵਿਚਾਰਧਾਰਾ ਦੇ ਵਿਰੁੱਧ ਉਕਸਾ ਕੇ ਲੜਨ ਵਾਲਾ ਜਨੂੰਨ ਭਰਨ ਦਾ ਜ਼ੋਰ ਲਾਇਆ ਜਾਂਦਾ ਹੈ। ਕਲਾਕਾਰਾਂ ਨੂੰ ਅਸੀ ਬੜੇ ਕੋਮਲ–ਭਾਵੀ ਸਮਝਿਆ ਕਰਦੇ ਸਾਂ, ਪਰ ਇਸ ਵਕਤ ਕਲਾਕਾਰਾਂ ਵਿੱਚੋਂ ਵੀ ਕਈ ਜਣੇ ਚੋਣ–ਜੰਗ ਵਿੱਚ ਇੱਕ ਜਾਂ ਦੂਸਰੇ ਰਾਜਸੀ ਆਗੂ ਦੇ ਹੱਥ–ਠੋਕੇ ਬਣਨ ਕਰ ਕੇ ਆਮ ਲੋਕਾਂ ਦਾ ਘਾਣ ਕਰਨ ਦੇ ਰਾਹ ਪਏ ਫਿਰਦੇ ਹਨ ਜਾਂ ਹਕੂਮਤੀ ਜਲੌਅ ਨੇ ਉਨ੍ਹਾਂ ਦੀਆਂ ਅੱਖਾਂ ਇਸ ਹੱਦ ਤਕ ਚੁੰਧਿਆ ਦਿੱਤੀਆਂ ਹਨ ਕਿ ਉਹ ਵੀ ਸੱਤਾ ਹਾਸਲ ਕਰਨ ਦਾ ਸੁਪਨਾ ਪੂਰਾ ਕਰਨ ਲਈ ਹਰ ਹੱਦ ਟੱਪ ਜਾਣ ਵਾਸਤੇ ਤਿਆਰ ਹਨ। ਜੰਮੂ–ਕਸ਼ਮੀਰ ਦੇ ਮਾੜੇ ਹਾਲਾਤ ਬਾਰੇ ਇੱਕਤਰਫਾ ਫਿਲਮਾਂ ਬਣਾਉਣ ਦੇ ਬਾਅਦ ਕੇਰਲਾ ਦੇ ਹਾਲਾਤ ਬਾਰੇ ਓਦਾਂ ਦੀ ਇੱਕਤਰਫਾ ਫਿਲਮ ਬਣਾ ਕੇ ਚੋਣਾਂ ਦੌਰਾਨ ਉਸ ਦੀ ਚਰਚਾ ਛੇੜਨਾ ਵੀ ਇਸੇ ਘਟੀਆ ਕਿਸਮ ਦੀ ਸੱਤਾ–ਪ੍ਰਾਪਤੀ ਦੀ ਖਾਹਿਸ਼ ਦਾ ਹਿੱਸਾ ਹੈ।

ਐਨ ਚੋਣਾਂ ਨੇੜੇ ਆਣ ਕੇ ਅਲਾਹਾਬਾਦ ਹਾਈ ਕੋਰਟ ਦਾ ਇਹ ਫੈਸਲਾ ਆ ਗਿਆ ਕਿ ਉੱਤਰ ਪ੍ਰਦੇਸ਼ ਦਾ ਪੌਤੀ ਕੁ ਸਾਲ ਪਹਿਲਾਂ ਬਣਾਇਆ ਮਦਰੱਸਾ ਐਕਟ ਗਲਤ ਸੀ। ਇਸ ਐਕਟ ਬਾਰੇ ਕੇਸ ਅਦਾਲਤ ਵਿੱਚ ਜਾਣ ਵੇਲੇ ਉਸ ਰਾਜ ਦੀ ਸਰਕਾਰ ਨੇ ਪੂਰੀ ਪੈਰਵੀ ਨਹੀਂ ਸੀ ਕੀਤੀ ਅਤੇ ਅਦਾਲਤ ਨੇ ਐਕਟ ਵਿਰੁੱਧ ਹੁਕਮ ਦੇ ਦਿੱਤਾ। ਉੱਥੋਂ ਹੁਕਮ ਮਿਲਦੇ ਸਾਰ ਮਦਰੱਸੇ ਬੰਦ ਕਰਨ ਦੀ ਤਿਆਰੀ ਕੀਤੀ ਜਾਣ ਲੱਗ ਪਈ। ਮੁੱਦਾ ਸੁਪਰੀਮ ਕੋਰਟ ਪਹੁੰਚ ਗਿਆ। ਜਿਹੜੇ ਵਕੀਲਾਂ ਨੇ ਉੱਥੇ ਇਸ ਹੁਕਮ ਦਾ ਵਿਰੋਧ ਕੀਤਾ, ਉਨ੍ਹਾਂ ਵਿੱਚੋਂ ਇੱਕ ਜਣਾ ਪਹਿਲਾਂ ਨਰਿੰਦਰ ਮੋਦੀ ਦੀ ਕੇਂਦਰ ਸਰਕਾਰ ਵੱਲੋਂ ਵਕੀਲ ਰਹਿ ਚੁੱਕਾ ਸੀ, ਪਰ ਇਸ ਵਾਰੀ ਉਹ ਵਕੀਲ ਵਜੋਂ ਦੂਸਰੇ ਪੱਖ ਤੋਂ ਪੇਸ਼ ਹੋਇਆ ਤਾਂ ਕੋਰਟ ਵਿੱਚ ਨਕਸ਼ਾ ਹੀ ਪਲਟ ਗਿਆ। ਮਦਰੱਸਿਆਂ ਖਿਲਾਫ ਵੱਡੀ ਗੱਲ ਇਹ ਆਖੀ ਜਾ ਰਹੀ ਸੀ ਕਿ ਧਰਮ ਨਿਰਪੱਖ ਦੇਸ਼ ਵਿੱਚ ਕਿਸੇ ਇੱਕ ਧਰਮ ਦੀ ਪੜ੍ਹਾਈ ਕਰਾਉਣ ਲਈ ਸਿੱਖਿਅਕ ਅਦਾਰੇ ਚਲਾਉਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਆਪਣੀ ਸੋਚ ਦੇ ਪੱਖੋਂ ਇਨ੍ਹਾਂ ਸਤਰਾਂ ਦਾ ਲੇਖਕ ਮੁਢਲੇ ਦਿਨਾਂ ਤੋਂ ਇਸ ਗੱਲ ਦਾ ਹਿਮਾਇਤੀ ਹੈ ਕਿ ਧਰਮ ਨਿਰਪੱਖ ਦੇਸ਼ ਵਿੱਚ ਸਮੁੱਚੇ ਪ੍ਰਬੰਧ ਨੂੰ, ਜਿਸ ਵਿੱਚ ਵਿੱਦਿਅਕ ਅਦਾਰੇ ਸ਼ਾਮਲ ਹਨ, ਕਿਸੇ ਵੀ ਧਰਮ ਦੇ ਪੱਖ ਵਿੱਚ ਵਰਤਣ ਦੀ ਗੁੰਜਾਇਸ਼ ਨਹੀਂ ਚਾਹੀਦੀ, ਪਰ ਇਹ ਨਿਯਮ ਇੱਕਸਾਰ ਹੋਣਾ ਚਾਹੀਦਾ ਹੈ। ਕਿਸੇ ਇਕੱਲੇ ਧਰਮ ਬਾਰੇ ਇਹ ਨਿਯਮ ਲਾਗੂ ਕਰਨਾ ਤੇ ਦੂਸਰੇ ਧਰਮ ਨੂੰ ਇਸ ਨਿਯਮ ਤੋਂ ਛੋਟ ਦੇ ਦੇਣੀ ਵੀ ਧਰਮ ਨਿਰਪੱਖਤਾ ਨਹੀਂ ਹੋ ਸਕਦੀ। ਸੁਪਰੀਮ ਕੋਰਟ ਵਿੱਚ ਇਹੋ ਗੱਲ ਇਸ ਕੇਸ ਦੇ ਸੰਬੰਧ ਵਿੱਚ ਜ਼ੋਰ ਨਾਲ ਦੱਸੀ ਗਈ ਕਿ ਇਕੱਲੇ ਮਦਰੱਸੇ ਨਹੀਂ, ਭਾਰਤ ਵਿੱਚ ਕਈ ਧਰਮਾਂ ਦੇ ਵਿੱਦਿਅਕ ਅਦਾਰੇ ਇਸੇ ਤਰ੍ਹਾਂ ਚੱਲਦੇ ਹਨ, ਜਿੱਥੇ ਸਰਕਾਰ ਵੱਲੋਂ ਬਣਾਏ ਗਏ ਸਿਲੇਬਸ ਦੀ ਪੜ੍ਹਾਈ ਵੀ ਕਰਾਈ ਜਾਂਦੀ ਹੈ ਤੇ ਆਪੋ ਆਪਣੇ ਧਰਮ ਬਾਰੇ ਵੀ ਅਗਲੀ ਪੀੜ੍ਹੀ ਦੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਘੱਟ–ਗਿਣਤੀ ਭਾਈਚਾਰਿਆਂ ਦੇ ਸਕੂਲਾਂ ਤੇ ਕਾਲਜਾਂ, ਅੱਜਕੱਲ੍ਹ ਉਨ੍ਹਾਂ ਦੀਆਂ ਯੂਨੀਵਰਸਿਟੀਆਂ ਵੀ ਬਣ ਗਈਆਂ ਹਨ, ਵਿੱਚ ਇਸੇ ਤਰ੍ਹਾਂ ਕੀਤਾ ਜਾਂਦਾ ਹੈ ਤੇ ਇਸ ਨੂੰ ਕਦੇ ਗਲਤ ਨਹੀਂ ਮੰਨਿਆ ਜਾਂਦਾ। ਸਿਰਫ ਇੱਕ ਖਾਸ ਧਰਮ ਨੂੰ ਮੁੱਦਾ ਬਣਾ ਦਿੱਤਾ ਗਿਆ ਤਾਂ ਇਹ ਅਸਲ ਵਿੱਚ ਚੋਣ ਪੈਂਤੜਾ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਇਸ ਮਾਮਲੇ ਵਿੱਚ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਹੈ।

ਜਦੋਂ ਇਹ ਰੋਕ ਲਾਈ ਗਈ, ਐਨ ਉਸੇ ਦਿਨ ਉਸੇ ਰਾਜ ਦੇ ਮੁੱਖ ਮੰਤਰੀ ਦਾ ਇੱਕ ਬਿਆਨ ਆਇਆ ਹੈ, ਜਿਸਦਾ ਸੰਬੰਧ ਇਸ ਮੁਕੱਦਮੇ ਨਾਲ ਬੇਸ਼ਕ ਨਹੀਂ ਜੋੜਿਆ ਜਾ ਸਕਦਾ, ਪਰ ਇਸ ਕੇਸ ਪਿੱਛੇ ਕੰਮ ਕਰਦੀ ਵਿਚਾਰਧਾਰਾ ਨਾਲ ਜੁੜ ਸਕਦਾ ਹੈ। ਮੀਡੀਆ ਮੁਤਾਬਕ ਉਸ ਨੇ ਕਿਹਾ ਹੈ ਕਿ ਅਯੋਧਿਆ ਅਤੇ ਕਾਸ਼ੀ ਵਿੱਚ ਕੀਤਾ ਜਾਣ ਵਾਲਾ ਕੰਮ ਹੋ ਚੁੱਕਾ ਹੈ ਅਤੇ ਇਸਦੇ ਬਾਅਦ ਮਥਰਾ ਵਾਲਾ ਕੰਮ ਕਰਨਾ ਰਹਿੰਦਾ ਹੈ। ਇੱਕ ਫਿਲਮੀ ਗੀਤ ਇੱਕ ਵਾਰੀ ਬੜਾ ਚੱਲਿਆ ਸੀ ਕਿ 'ਇਸ਼ਾਰੋਂ ਕੋ ਅਗਰ ਸਮਝੋ, ਰਾਜ਼ ਕੋ ਰਾਜ਼ ਰਹਿਨੇ ਦੋ।' ਇਸ ਮਾਮਲੇ ਵਿੱਚ ਵੀ ਇਹੋ ਗੱਲ ਕਹਿ ਦਿੱਤੀ ਜਾਵੇ ਤਾਂ ਬਾਹਲੇ ਵਖਿਆਨ ਤੋਂ ਬਚਿਆ ਜਾ ਸਕਦਾ ਹੈ। ਅਯੁੱਧਿਆ ਦੀ ਬਾਬਰੀ ਮਸਜਿਦ ਦੀ ਚਰਚਾ ਜਦੋਂ ਚੱਲੀ ਸੀ, ਉਦੋਂ ਵੀ ਭਾਜਪਾ ਦੇ ਆਗੂਆਂ ਨੇ ਇਕੱਠੀ ਕੀਤੀ ਭੀੜ ਤੋਂ 'ਰਾਮਾ, ਕ੍ਰਿਸ਼ਨਾ, ਵਿਸ਼ਵਨਾਥ, ਤੀਨੋਂ ਲੋਂਗੇ ਏਕ ਸਾਥ' ਦੇ ਨਾਅਰੇ ਲਵਾਏ ਸਨ ਤੇ ਦੇਸ਼ ਦੇ ਲੋਕਾਂ ਨੂੰ ਇਸ ਇਸ਼ਾਰੇ ਦੀ ਸਾਫ ਸਮਝ ਆ ਗਈ ਸੀ ਕਿ ਗੱਲ ਇਕੱਲੀ ਬਾਬਰੀ ਮਸਜਿਦ ਢਾਹੁਣ ਤਕ ਸੀਮਤ ਨਹੀਂ, ਦੋ ਹੋਰ ਮਸਜਿਦਾਂ ਬਾਰੇ ਵੀ ਇਸ ਤਰ੍ਹਾਂ ਦੀ ਨੀਤੀ ਅਗੇਤੀ ਬਣ ਚੁੱਕੀ ਹੈ। ਉਸ ਨਾਅਰੇ ਵਾਲੀ ਸੋਚ ਨੂੰ ਅੱਜਕੱਲ੍ਹ ਉਸ ਰਾਜ ਵਿੱਚ ਉਸ ਵਿਚਾਰਧਾਰਾ ਦੇ ਲੋਕ ਆਪਣੇ ਹਿਸਾਬ ਨਾਲ ਲਗਾਤਾਰ ਅੱਗੇ ਵਧਾ ਰਹੇ ਹਨ।

ਇੰਨਾ ਕੁਝ ਕਹਿਣ–ਸੁਣਨ ਦੇ ਬਾਅਦ ਗੱਲ ਫਿਰ ਉਸ ਮੁੱਦੇ ਵੱਲ ਮੁੜ ਪੈਂਦੀ ਹੈ ਕਿ ਭਾਰਤੀ ਪਾਰਲੀਮੈਂਟ ਦੀ ਚੋਣ ਬੇਸ਼ਕ ਚੋਣਾਂ ਦੀ ਜੰਗ ਹੈ, ਪਰ ਅਮਲ ਵਿੱਚ ਇਸ ਨੂੰ ਆਮ ਲੋਕ ਇੱਕ ਹੋਰ ਜੰਗ ਕਹਿੰਦੇ ਹਨ ਤੇ ਇਹ ਸੱਚਮੁੱਚ ਦੀ ਜੰਗ ਬਣਦੀ ਜਾਂਦੀ ਹੈ। ਇਹ ਜੰਗ ਜਿੱਤਣ ਲਈ ਚਾਹਵਾਨ ਦੋਵੇਂ ਧਿਰਾਂ ਵਾਲੇ ਲੋਕ ਹਨ। ਜਿਨ੍ਹਾਂ ਕੋਲ ਇਸ ਵੇਲੇ ਸੱਤਾ ਹੈ, ਉਹ ਵੀ ਇਸ ਨੂੰ ਜਿੱਤਣਾ ਚਾਹੁੰਦੇ ਹਨ, ਤਾਂ ਕਿ ਸੱਤਾ ਦਾ ਸ਼ਾਹੀ ਤਖਤ ਛੱਡਣਾ ਨਾ ਪਵੇ ਤੇ ਜਿਹੜੇ ਲੋਕ ਸੱਤਾ ਤੋਂ ਬਾਹਰ ਹਨ, ਉਹ ਵੀ ਜਿੱਤਣ ਲਈ ਹਰ ਕੋਈ ਹੀਲਾ ਵਰਤਣਾ ਚਾਹੁੰਦੇ ਹਨ। ਜਦੋਂ ਗੱਲ 'ਹਰ ਹੀਲਾ' ਵਰਤਣ ਦੀ ਸਥਿਤੀ ਤਕ ਪਹੁੰਚ ਜਾਂਦੀ ਹੈ, ਫਿਰ ਇਸ ਵਕਤ ਦੀ ਸੱਤਾਧਾਰੀ ਧਿਰ ਕੋਲ ਬਾਕੀ ਧਿਰਾਂ ਨਾਲੋਂ 'ਹੀਲਾ' ਕਰਨ ਵਾਲਾ ਵਸੀਲਾ ਬਣਨ ਵਾਲੀਆਂ ਕੇਂਦਰੀ ਏਜੰਸੀਆਂ ਸਿਰਫ ਸਰਕਾਰੀ ਏਜੰਸੀਆਂ ਨਹੀਂ ਰਹਿੰਦੀਆਂ, ਉਹ ਜੰਗ ਵਿੱਚ ਰਾਜ ਕਰਦੀ ਧਿਰ ਲਈ ਲੜਾਈ ਦਾ ਇੱਕ ਹਥਿਆਰ ਵੀ ਬਣ ਸਕਦੀਆਂ ਹਨ ਤੇ ਮੈਦਾਨੀ ਹਮਲਾ ਕਰਨ ਵਾਸਤੇ ਵਰਤੀ ਜਾਣ ਵਾਲੀ ਪਿਆਦਾ ਪਲਟਣ ਵਾਲਾ ਕੰਮ ਵੀ ਕਰ ਸਕਦੀਆਂ ਹਨ। ਭਾਰਤ ਨੂੰ ਆਜ਼ਾਦੀ ਮਿਲਣ ਪਿੱਛੋਂ ਪੰਜ ਸਾਲਾ ਯੋਜਨਾਵਾਂ ਵਾਂਗ ਚਲਦੀ ਆਈ ਇਸ ਚੋਣ ਜੰਗ ਵਿੱਚ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਦਾ ਅਮਲ ਕਦੋਂ ਸ਼ੁਰੂ ਹੋਇਆ ਸੀ, ਇਸਦਾ ਇਤਿਹਾਸ ਖੋਜ ਸਕਣਾ ਕਿਸੇ ਦੇ ਵੱਸ ਦਾ ਨਹੀਂ ਜਾਪਦਾ, ਪਰ ਇਹ ਗੱਲ ਆਮ ਮੰਨੀ ਜਾਂਦੀ ਹੈ ਕਿ ਇਨ੍ਹਾਂ ਏਜੰਸੀਆਂ ਦੀ ਜਿੰਨੀ ਦੁਰਵਰਤੋਂ ਇਸ ਵਕਤ ਦੀ ਸੱਤਾਧਾਰੀ ਧਿਰ ਕਰਦੀ ਪਈ ਹੈ, ਇੰਨੀ ਅੱਜ ਤਕ ਕਦੀ ਨਹੀਂ ਸੀ ਹੋਈ, ਭਵਿੱਖ ਦਾ ਪਤਾ ਨਹੀਂ।

ਇਸ ਵਾਰ ਦੀ ਚੋਣ ਜੰਗ ਜਿੱਤਣ ਲਈ ਕੇਂਦਰੀ ਏਜੰਸੀਆਂ ਜਿਸ ਤਰ੍ਹਾਂ ਵਿਹਾਰ ਕਰ ਰਹੀਆਂ ਹਨ, ਉਨ੍ਹਾਂ ਨੂੰ ਵੇਖ ਕੇ ਲਗਦਾ ਹੈ ਕਿ ਉਹ ਇਸਦੀ ਤਿਆਰੀ ਚਿਰਾਂ ਤੋਂ ਕਰਦੀਆਂ ਪਈਆਂ ਸਨ। ਇਹ ਕਹਿਣਾ ਔਖਾ ਹੈ ਕਿ ਸਭ ਏਜੰਸੀਆਂ ਨੂੰ ਆਪਣੇ ਫਰਜ਼ਾਂ ਦੀ ਪੂਰਤੀ ਅਚਾਨਕ ਇੱਕੋ ਵਾਰ ਯਾਦ ਆਈ ਹੈ ਅਤੇ ਉਹ ਵੀ ਉਸ ਵੇਲੇ ਯਾਦ ਆਈ ਹੈ, ਜਦੋਂ ਲੋਕ ਸਭਾ ਚੋਣਾਂ ਸਿਰ ਉੱਤੇ ਆਣ ਪੁੱਜੀਆਂ ਸਨ। ਇਨਕਮ ਟੈਕਸ ਵਿਭਾਗ ਨੂੰ ਚੇਤਾ ਆ ਗਿਆ ਕਿ ਪੰਜ ਕੁ ਸਾਲਾਂ ਤੋਂ ਵਿਰੋਧੀ ਧਿਰ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਵਾਲਿਆਂ ਨੇ ਐਨੇ ਸਾਲਾਂ ਦਾ ਟੈਕਸ ਨਹੀਂ ਭਰਿਆ ਤੇ ਟੈਕਸ ਦੇ ਨਾਲ ਜੁਰਮਾਨੇ ਤੇ ਉਸ ਜੁਰਮਾਨੇ ਉੱਤੇ ਬਿਆਜ ਸਮੇਤ ਬਣਦੀ ਰਕਮ ਦਾ ਨੋਟਿਸ ਭੇਜਣ ਦੀ ਲੋੜ ਹੈ। ਧਮਕੜੇ ਪਾਈ ਫਿਰਨ ਦੇ ਬਾਅਦ ਜਦੋਂ ਇਹ ਗੱਲ ਖੁੱਲ੍ਹੀ ਕਿ ਇਹੋ ਮੁੱਦਾ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਖਿਲਾਫ ਵੀ ਬਣਦਾ ਹੈ ਤਾਂ ਇਨਕਮ ਟੈਕਸ ਵਾਲਿਆਂ ਨੇ ਸੁਪਰੀਮ ਕੋਰਟ ਵਿੱਚ ਇਹ ਕਹਿ ਦਿੱਤਾ ਹੈ ਕਿ ਚੋਣਾਂ ਸਿਰੇ ਲੱਗਣ ਤਕ ਇਸ ਬਾਰੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ। ਇਨਫੋਰਸਮੈਂਟ ਡਾਇਰੈਕਟੋਰੇਟ ਯਾਨੀ ਕਿ ਈ ਡੀ ਦੀਆਂ ਟੀਮਾਂ ਨੂੰ ਦਿੱਲੀ ਸਰਕਾਰ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਅੱਧੀ ਰਾਤ ਜਾ ਕੇ ਉਸ ਦੇ ਘਰੋਂ ਫੜ ਲਿਆਉਣ ਦੀ ਕਾਹਲੀ ਕਿਸ ਦੇ ਕਹਿਣ ਉੱਤੇ ਕਰਨੀ ਪਈ, ਇਹ ਵੀ ਦੇਸ਼ ਦੇ ਲੋਕਾਂ ਦੇ ਪੱਲੇ ਨਹੀਂ ਪੈ ਸਕਿਆ। ਉਸ ਖਿਲਾਫ ਬਿਆਨ ਦੇ ਕੇ ਵਾਅਦਾ ਮੁਆਫ ਗਵਾਹ ਬਣਨ ਵਾਲਾ ਬੰਦਾ ਭਾਜਪਾ ਨੂੰ ਚੋਣ ਫੰਡ ਦੇ ਬਾਂਡ ਦੇਣ ਦਾ ਸੌਦਾ ਮਾਰਨ ਪਿੱਛੋਂ ਜੇਲ੍ਹ ਤੋਂ ਨਿਕਲਿਆ ਹੈ, ਪਰ ਉਸ ਨੂੰ ਭਾਜਪਾ ਗਠਜੋੜ ਦੀ ਇੱਕ ਪਾਰਟੀ ਨੇ ਲੋਕ ਸਭਾ ਚੋਣ ਲਈ ਉਮੀਦਵਾਰ ਬਣਾ ਲਿਆ ਹੈ। ਅਦਾਲਤਾਂ ਵਿੱਚ ਜਾ ਕੇ ਇਨ੍ਹਾਂ ਜਾਂਚ ਏਜੰਸੀਆਂ ਦੇ ਅਫਸਰਾਂ ਦੇ ਬਿਆਨ ਵੀ ਆਪਸ ਵਿੱਚ ਨਹੀਂ ਮਿਲਦੇ।



ਜਤਿੰਦਰ ਪਨੂੰ

ਜੰਗ ਤਾਂ ਜੰਗ ਹੁੰਦੀ ਹੈ ਅਤੇ ਜੰਗ ਤੇ ਇਸ਼ਕ ਵਿੱਚ ਸਭ ਜਾਇਜ਼ ਕਿਹਾ ਜਾਂਦਾ ਹੈ, ਪਰ ਹਰ ਕਿਸੇ ਜੰਗ ਵਿੱਚ ਕੁਝ ਲੋਕ–ਲਾਜ ਚੇਤੇ ਰੱਖੀ ਜਾਂਦੀ ਹੈ। ਚੋਣ–ਜੰਗ ਵਿੱਚ ਲੋਕ–ਲਾਜ ਦਾ ਚੇਤਾ ਵੀ ਨਹੀਂ ਰੱਖਿਆ ਜਾਂਦਾ ਅਤੇ ਜਿੱਡੇ ਵੱਡੇ ਰੁਤਬੇ ਵਾਲਾ ਕੋਈ ਨੇਤਾ ਹੁੰਦਾ ਹੈ, ਓਨਾ ਵੱਧ ਨਿਯਮਾਂ–ਕਾਨੂੰਨਾਂ ਦੀ ਪ੍ਰਵਾਹ ਕੀਤੇ ਬਿਨਾਂ ਨਿਰਾ ਝੂਠ ਲੋਕਾਂ ਅੱਗੇ ਪਰੋਸਦਾ ਅਤੇ ਆਪਣੀ ਫੌਜ ਦੇ ਪਿਆਦੇ ਬਣੀਆਂ ਹੋਈਆਂ ਕੇਂਦਰੀ ਏਜੰਸੀਆਂ ਨੂੰ ਸ਼ਿਸ਼ਕਾਰ ਕੇ ਵਿਰੋਧੀ ਆਗੂਆਂ ਖਿਲਾਫ ਹਰ ਹੱਦ ਟੱਪ ਜਾਣ ਲਈ ਉਕਸਾਉਂਦਾ ਹੈ। ਇਹ ਸਿਰਫ ਭਾਰਤ ਵਿੱਚ ਨਹੀਂ, ਅਮਰੀਕਾ ਵਰਗੇ ਦੇਸ਼ ਵਿੱਚ ਵੀ ਹੋ ਰਿਹਾ ਹੈ। ਡੋਨਾਲਡ ਟਰੰਪ ਨੇ ਆਪਣੀ ਕੁਰਸੀ ਕਾਇਮ ਰੱਖਣ ਲਈ ਜੋ ਬਾਇਡਨ ਵਿਰੁੱਧ ਦੂਸਰੇ ਦੇਸ਼ਾਂ ਦੇ ਹਾਕਮਾਂ ਤਕ ਪਹੁੰਚ ਕਰ ਕੇ ਕੇਸ ਬਣਾਉਣ ਅਤੇ ਉਸ ਦੇ ਪੁੱਤਰ ਨੂੰ ਉਲਝਾਉਣ ਦੀ ਕੋਸ਼ਿਸ਼ ਕੀਤੀ ਸੀ ਤੇ ਇਸ ਵਕਤ ਜੋ ਬਾਇਡਨ ਉੱਤੇ ਦੋਸ਼ ਲਾਉਂਦਾ ਹੈ ਕਿ ਉਹ ਉਸ ਦੀ ਚੋਣ ਖਰਾਬ ਕਰਨ ਲਈ ਅਦਾਲਤੀ ਕੇਸਾਂ ਦੀ ਲੜੀ ਮੁੱਕਣ ਨਾ ਦੇਣ ਵਾਸਤੇ ਸਰਕਾਰੀ ਮਸ਼ੀਨਰੀ ਵਰਤ ਰਿਹਾ ਹੈ। ਲੋਕਤੰਤਰ ਵਿਕਸਿਤ ਦੇਸ਼ਾਂ ਅੰਦਰੋਂ ਸ਼ੁਰੂ ਹੋਇਆ ਅਤੇ ਦੁਨੀਆ ਵਿੱਚ ਫੈਲਿਆ ਸੀ, ਜਦੋਂ ਉਨ੍ਹਾਂ ਦੇਸ਼ਾਂ ਵਿੱਚ ਲੋਕਤੰਤਰੀ ਨਿਯਮਾਂ ਅਤੇ ਅਸੂਲਾਂ ਦੀ ਹੱਦ ਟੱਪਣ ਤੋਂ ਸ਼ਰਮ ਨਹੀਂ ਕੀਤੀ ਜਾ ਰਹੀ ਤਾਂ ਭਾਰਤ ਵਰਗੇ ਕੱਚ–ਘਰੜ ਲੋਕਤੰਤਰੀ ਸੂਝ ਵਾਲੇ ਦੇਸ਼ ਵਿੱਚ ਸ਼ਰਮ ਦੀ ਆਸ ਕਿਸੇ ਆਗੂ ਕੋਲੋਂ ਕਿਵੇਂ ਕੀਤੀ ਜਾ ਸਕਦੀ ਹੈ! ਕਹਿਣ ਨੂੰ ਇਸ ਦੇਸ਼ ਦੀ ਪਾਰਲੀਮੈਂਟ ਭਾਰਤ ਦੇ ਲੋਕਤੰਤਰ ਲਈ ਸਭ ਤੋਂ ਵੱਡਾ ਮੰਦਰ ਹੈ, ਪਰ ਸਿਰਫ ਕਹਿਣ ਲਈ ਹੈ, ਅਸਲ ਵਿੱਚ ਪੁਰਾਣੇ ਮਹਾਰਾਜਿਆਂ ਵਾਂਗ ਇਹ ਹਕੂਮਤੀ ਜਲੌਅ ਦੀ ਇੰਦਾਂ ਦੀ ਤਾਕਤ ਹੈ, ਜਿਸਦੇ ਕਬਜ਼ੇ ਦੀ ਜੰਗ ਸਿਰਫ ਕਹਿਣ ਨੂੰ ਚੋਣ–ਜੰਗ ਹੈ, ਅਮਲ ਵਿੱਚ ਹਕੀਕੀ ਜੰਗਾਂ ਤੋਂ ਵੱਧ ਬੇਹੂਦਾ ਤੇ ਉਸ ਤੋਂ ਵੱਧ ਬੇਰਹਿਮ ਜੰਗ ਬਣ ਕੇ ਲੜੀ ਜਾਂਦੀ ਹੈ ਤਾਂ ਕਿਸੇ ਨੂੰ ਹੈਰਾਨ ਹੋਣ ਦੀ ਲੋੜ ਨਹੀਂ ਰਹਿਣੀ ਚਾਹੀਦੀ। ਇਸ ਵੇਲੇ ਲੋਕ ਸਭਾ ਚੋਣ ਲਈ ਭਾਰਤ ਵਿੱਚ ਇਹੋ ਕੁਝ ਹੁੰਦਾ ਪਿਆ ਹੈ ਅਤੇ ਅਗਲੇ ਦੋ ਮਹੀਨੇ ਭਾਰਤ ਦੇ ਲੋਕਾਂ ਨੂੰ ਇਹੀ ਕੁਝ ਭੁਗਤਣਾ ਪੈਣਾ ਹੈ।



KATARIA TOURS & TRAVEL
LOW AIR FARE | LOW AIR FARE | LOW AIR FARE | LOW AIR FARE
ਸਸਤੀਆਂ ਹਵਾਈ ਟਿਕਟਾਂ
We Provide visa for INDIA, UK, USA EUROPE, DUBAI & Other Countries and PR Card Application
Ph: 905.678.1200
Fax: 905.678.1201
Toll Free: 1.888.678.1201
Passport & I.D. Photo
Email: katariatravels@gmail.com
Web: www.katariatravels.com
Avtar Kataria
416.871.3676
2883 Derry Road East, Mississauga, ON. L4T 1A6

MANN TRAVELS & TOURS
IATA
ਮਾਨ ਟ੍ਰੈਵਲਜ਼ ਤੋਂ ਤੁਹਾਨੂੰ ਸਸਤੀਆਂ ਟਿਕਟਾਂ ਅਤੇ ਵਧੀਆ ਸੇਵਾਵਾਂ ਮਿਲਣਗੀਆਂ। ਵਧੇਰੇ ਜਾਣਕਾਰੀ ਲਈ ਅਮਰਜੀਤ ਸਿੰਘ ਮਾਨ ਨਾਲ ਸੰਪਰਕ ਕਰੋ।
Amarjit S. Mann
Springdale 905-497-6300 1098 Peter Robertson Blvd., #3 (Springdale) Brampton
Hamilton 905-930-7700 06-141 Highway 8, Stoney Creek
Brampton 905-595-2000 499 Raylawson Blvd., Unit #32, Brampton, ON
Markham 416-603-1800 45 Karachi Dr., Unit 45 Markham
Airport Rd. 905-595-1700 60 Cottrelle Blvd. Unit 12C, Brampton
India 01624-223315-16-17 opp Union Bank of India Tehsil Rd, Jagraon

SKYDOME GROUP OF COMPANIES
Ontario MINISTRY OF TRANSPORTATION Approved Repair Centre
FLEET DISCOUNTS
www.skydomeauto.ca
Towing Across North America
Drive Clean Test & Repair Facility
Specialize In:
• Paint, Collision
• Mechanical Work
• Fleet Paint & Body Work
• Insurance Claims Welcome
Daljit Singh Gaidhu
www.skydomeauto.ca
http://skydomeauto.goldbook.ca
TIRES
Satnam Singh, Satbir Singh, Inderpal Singh, InderJit Singh
4 Locations To Serve You! Head Office: 905-874-9878
SKYDOME AUTO & BODY CENTRE 308 Rutherford Rd. Brampton, ON L6W 3K7 Office: 905-874-9878 | Fax: 905-874-9747 skydome_auto@hotmail.com
SKYDOME EMISSION & ALIGNMENT CENTRE 210 RUTHERFORD RD SOUTH OFFICE : 9054509878 FAX:-905-450-9808.
SKYDOMETRUCK CENTRE 30 STAFFORD DR BRAMPTON OFFICE: 905-460-1414 FAX: 905-460-9451
SKYDOME AUTO SALES 30 STAFFORD DR BRAMPTON, ON, L6W 1L4 DILJIT : 416-305-9878
ONTARIO'S DRIVE CLEAN

ASIAN FOOD CENTER
www.asianfoodcentre.ca
WHOLESALER & RETAILER
ਤਾਜ਼ੀਆਂ ਸਬਜ਼ੀਆਂ ਅਤੇ ਫਲਾਂ ਦੀ ਮੰਡੀ, ਸਸਤੀ ਗਰੋਸਰੀ
ਸੱਤ ਸਟੋਰਾਂ ਨਾਲ ਤੁਹਾਡੀ ਸੇਵਾ ਵਿੱਚ
10 Westmore Dr. Etobicoke, ON 416-740-3262
308 Eddystone Ave. North York, ON 416-740-3360
1075 Ceremonial Drive Mississauga, ON 905-502-1600
284 Orenda Road Unit#13 Brampton, ON 905-450-9167
621 Wanless Drive Brampton, ON 905-495-3336
80 Pertosa Drive Brampton, ON 905-460-0009
2120 North Park Dr Unit#106 Brampton, ON 905-793-1338